
FARM AND SPICE
Open 7 Days a Week
8.30 am to 9.00 pm
SPECIAL OFFERS: 8-14 DEC
Daily Specials on
ਗਾਜਰਾਂ
Carrots
Snaptop
99¢ /lb
ਹਰੇ ਪਿਆਜ
Green Onion
69¢ each
ਐਂਬ੍ਰੋਸੀਆ ਸੇਬ
Ambrosia BC
Apple
99¢ /lb
ਧਨੀਆ
Cilantro
69¢ each
ਆਵੋਕਾਡੋ
Avocado
99¢ each
ਸੰਤਰਾ ਵਡਾ
Orange Large
$1.49 /lb
ਸੇਬ ਲਾਲ ਬੀ ਸੀ
Gala Red
Delicious BC
99¢ /lb
ਜ਼ੁਕੀਨੀ
Zuchinni
$1.49 /lb
ਅਦਰਕ
Ginger
$2.49 /lb
ਫੁੱਲ ਗੋਭੀ
Cauliflower
$2.99 each
ਪਾਲਕ
Spinach
$1.49 /each
ਸਰੋਂ ਦਾ ਤੇਲ
Gagan
Mustard Oil
250ml $1.49 each
1ltr $4.99 each
ਮੇਰੀ ਚਾਹ
Meri Chai
Tea Bags
216Bags $5.49 each
ਹੀਰ ਵੇਸਣ
Heer Besan
4lb $3.99 each
ਅਖ਼ਰੋਟ
Walnuts
Bulk
$4.49 /lb
AMA Products at
lowest Price
Disposable
7' Spoons
20pcs $1.29 each
7' Round
Plates
40pcs $3.99 each
9 oz paper
cups
50pcs $3.99 each
6 Compartment
cornstarch trays
40pcs $9.99 each
ਪਾਰਲੀਮੈਂਟ ਚਾਵਲ
Parliament
Basmati Rice
8 lb $7.99 each
ਇੰਡੀਆ ਐਟ ਹੋਮ ਚਾਵਲ
India at Home
Basmati Rice
8lb $7.99 each
ਹੀਰ ਖੰਡ
Heer Sugar
White/Brown
8 lb $6.99 each
ਕ੍ਰਾਊਨ ਤੇਲ
Crown
Sunflower Oil
3 ltr $12.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਨਿੱਝਰ ਅਤੇ ਪੰਨੂ ਮਾਮਲੇ ਨਾਲ ਇੰਡੀਆ ਦੀ ਗੈਰ-ਨਿਆਂਇਕ ਕਤਲਾਂ ਦੀ ਦਹਿਸ਼ਤਵਾਦੀ ਨੀਤੀ ਬੇਪਰਦ ਹੋਈ

## ਸਿੱਖਾਂ ਦੇ ਪ੍ਰਭੂਸੱਤਾ ਸੰਪਨ ਦੇਸ਼ ਦੀ ਕਾਇਮੀ ਸਰਬੱਤ ਦੇ ਭਲੇ ਤੇ ਕੌਮਾਂਤਰੀ ਤਵਾਜ਼ਨ ਲਈ ਅਹਿਮ:ਪੰਥ ਸੇਵਕ ਸ਼ਖ਼ਸੀਅਤਾਂ

ਚੰਡੀਗੜ੍ਹ:ਪੰਥ ਸੇਵਕ ਜੁਝਾਰੂ ਸ਼ਖ਼ਸੀਅਤਾਂ ਨੇ ਅੱਜ ਇਕ ਸਾਂਝੇ ਬਿਆਨ ਰਾਹੀਂ ਕਿਹਾ ਕਿ 'ਕਨੇਡਾ ਦੀ ਧਰਤੀ ਉੱਤੇ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਵਾਰਦਾਤ ਵਿਚ ਇੰਡੀਆ ਦੀ ਸ਼ਮੂਲੀਅਤ ਦੇ ਕੀਤੇ ਖੁਲਾਸੇ ਅਤੇ ਅਮਰੀਕਾ ਵਿਚ ਇੰਡੀਆ ਵੱਲੋਂ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਦੀ ਸਾਜਿਸ਼ ਰਚਣ ਤੋਂ ਬਾਅਦ ਅਮਰੀਕਾ ਸਰਕਾਰ ਵੱਲੋਂ ਭਾਰਤ ਸਰਕਾਰ ਨੂੰ ਦਿੱਤੀ ਗਈ ਚਿਤਾਵਨੀ ਤੇ ਕੀਤੀ ਗਈ ਕਾਰਵਾਈ ਨਾਲ ਇੰਡੀਅਨ ਸਟੇਟ ਦੀ ਗੈਰ-ਨਿਆਇਕ ਕਤਲਾਂ ਦੀ ਦਹਿਸ਼ਤਵਾਦੀ ਨੀਤੀ ਅਤੇ ਕੌਮਾਂਤਰੀ ਪੱਧਰ ਉੱਤੇ ਲਾਗੂ ਕੀਤੀ ਜਾ ਰਹੀ ਸਿੱਖਾਂ ਦੇ ਕਤਲਾਂ ਦੀ ਯੋਜਨਾਬੱਧ ਮੁਹਿੰਮ ਦੂਨੀਆ ਸਾਹਮਣੇ ਬੇਪਰਦ ਹੋਈ ਹੈ'।

ਇਸ ਬਿਆਨ ਵਿਚ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ ਨੇ ਕਿਹਾ ਕਿ 'ਹਾਲੀਆ ਘਟਨਾਵਾਂ ਦਰਸਾਉਂਦੀਆਂ ਹਨ ਕਿ ਬੀਤੇ ਵਿਚ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਅਤੇ ਪੰਜਾਬ ਵਿਚ ਕੀਤੇ ਗਏ ਮਨੁੱਖਤਾ ਖਿਲਾਫ ਜ਼ੁਰਮਾਂ ਪਿੱਛੇ ਕੰਮ ਕਰਦੀ ਇੰਡੀਆ ਸਟੇਟ ਵਿਚਲੀ 'ਨਸਲਕੁਸ਼ੀ ਦੀ ਤਰੰਗ' (ਜਿਨੋਸਾਈਲ ਇਮਪਲਸ) ਅਜੇ ਵੀ ਸਰਗਰਮ ਹੈ'।ਉਹਨਾ ਕਿਹਾ ਕਿ ਸਿੱਖ ਇਹ ਗੱਲ ਲੰਮੇ ਸਮੇਂ ਤੋਂ ਕਹਿ ਰਹੇ ਹਨ ਕਿ ਇੰਡੀਅਨ ਸਟੇਟ ਧਰਮ ਨਿਰਪੱਖ ਰਾਸ਼ਟਰ ਦੇ ਛਲਾਵੇ ਹੇਠ ਬਿਪਰਵਾਦੀ ਹਿੰਦੂ ਰਾਸ਼ਟਰ ਵੱਲ ਵਧ ਰਹੀ ਹੈ, ਖਿੱਤੇ ਦੇ ਸੰਘਾਤਮਿਕ ਢਾਂਚੇ ਨੂੰ ਏਕਾਤਮਿਕ ਢਾਂਚੇ ਵਿੱਚ ਬਦਲਿਆ ਜਾ ਰਿਹਾ ਹੈ, ਖੇਤਰ ਦੀਆਂ ਕੌਮਾਂ ਦੀ ਅਜ਼ਾਦ, ਵਿਲੱਖਣ, ਨਿਆਰੀ ਤੇ ਅੱਡਰੀ ਹੋਂਦ ਹਸਤੀ ਨੂੰ ਮਿਟਾਉਣ ਤੇ ਉਹਨਾ ਨੂੰ ਹਿੰਦੂਤਵ ਵਿੱਚ ਜਜ਼ਬ ਕਰਨ ਲਈ ਵਿਧਾਨਪਾਲਿਕਾ, ਨਿਆਂਪਾਲਿਕਾ ਅਤੇ ਕਾਰਜਪਾਲਿਕਾ ਦੀ ਗੈਰ-ਸੰਵਿਧਾਨਕ ਵਰਤੋਂ ਕੀਤੀ ਜਾ ਰਹੀ ਹੈ। ਸਾਂਝੇ ਬਿਆਨ ਵਿਚ ਅੱਗੇ ਕਿਹਾ ਗਿਆ ਹੈ ਕਿ ਪੰਜਾਬ ਦੇ ਖਿੱਤੇ ਵਿਚ ਆਪਣੀ ਮਹੱਤਵਪੂਰਨ ਭੂ-ਰਣਨੀਤਕ ਸਥਿਤੀ, ਸਾਂਝੀਵਾਲਤਾ ਵਾਲੇ ਆਦਰਸ਼ਾਂ, ਨਿਆਂਕਾਰੀ ਰਾਜ ਪ੍ਰਬੰਧ ਦੇਣ ਦੇ ਇਤਿਹਾਸ ਅਤੇ ਸਾਂਝੇ ਸੰਘਰਸ਼ ਦੀ ਅਗਵਾਈ ਕਰਨ ਦੀ ਮੌਜੂਦਾ ਸਮਰੱਥਾ, ਜਿਸ ਨੂੰ ਹਾਲ ਵਿਚ ਹੋਏ ਕਿਰਸਾਨੀ ਅੰਦੋਲਨ ਨੇ ਸਪਸ਼ਟ ਕਰ ਦਿੱਤਾ ਹੈ, ਕਾਰਨ ਸਿੱਖ ਇੰਡੀਆ ਦੀ ਫਾਸ਼ੀਵਾਦੀ ਹਕੂਮਤ ਲਈ ਇਕ ਵੱਡੀ ਚੁਣੌਤੀ ਹਨ। ਸਿੱਖਾਂ ਦੀ ਇਸੇ ਸਮਰੱਥਾ ਤੋਂ ਭੈਭੀਤ ਹੋਈ ਇੰਡੀਆ ਸਟੇਟ ਸਿੱਖਾਂ ਉੱਤੇ ਹਮਲਾਵਰ ਹੋ ਰਹੀ ਹੈ।ਪੰਥ ਸੇਵਕਾਂ ਨੇ ਕਿਹਾ ਕਿ ਨਿੱਝਰ ਅਤੇ ਪੰਨੂ ਮਾਮਲੇ ਤੋਂ ਸਾਫ ਹੁੰਦਾ ਹੈ ਇਕ ਜਿੱਥੇ ਇਕ ਪਾਸੇ ਭਾਰਤ ਸਰਕਾਰ ਜਰਾਇਮਪੇਸ਼ਾਂ ਲੋਕਾਂ ਤੇ ਸੰਗਠਤ ਤੌਰ ਉੱਤੇ ਮੁਜ਼ਰਮਾਨਾਂ ਕਾਰਵਾਈਆਂ ਕਰਨ ਵਾਲੇ ਅਨਸਰਾਂ ਤੋਂ ਭਾੜੇ ਉੱਤੇ ਸਿੱਖਾਂ ਵਿਰੁਧ ਦਹਿਸ਼ਤੀ ਕਾਰਵਾਈਆਂ ਕਰਵਾ ਰਹੀ ਹੈ ਓਥੇ ਦੂਜੇ ਪਾਸੇ ਖਾਲਿਸਤਾਨ ਦੇ ਸੰਘਰਸ਼ ਨੂੰ ਇਹਨਾ ਮੁਜਰਿਮ ਅਨਸਰਾਂ ਨਾਲ ਜੋੜ ਕੇ ਬਦਨਾਮ ਕਰਨ ਲਈ ਭੰਡੀਪਰਚਾਰ ਦੀ ਦੂਹਰੀ ਨੀਤੀ ਵੀ ਲਾਗੂ ਕਰ ਰਹੀ ਹੈ।ਸਾਂਝੇ ਬਿਆਨ ਰਾਹੀਂ ਪੰਥਕ ਸ਼ਖ਼ਸੀਅਤਾਂ ਨੇ ਕਿਹਾ ਕਿ ਪਾਤਿਸ਼ਾਹੀ ਦਾਅਵਾ ਸਿੱਖਾਂ ਦਾ ਜਨਮ ਸਿੱਧ ਕੁਦਰਤੀ ਅਧਿਕਾਰ ਤੇ



ਗੁਰੂ ਸਾਹਿਬਾਨ ਦੀ ਬਖਸ਼ਸ਼ ਹੈ। ਆਪਣੇ ਸੁਤੰਤਰ ਰਾਜ ਦੀ ਪ੍ਰਾਪਤੀ ਲਈ ਅੰਤਰਰਾਸ਼ਟਰੀ ਕਾਨੂੰਨਾਂ ਸੰਧੀਆਂ-ਸਮਝੌਤਿਆਂ ਤਹਿਤ ਸਵੈਨਿਰਣੇ ਦੇ ਹੱਕ ਨੂੰ ਲਾਗੂ ਕਰਨ ਲਈ ਲੋਕਤੰਤਰੀ ਤਰੀਕਿਆਂ ਅਤੇ ਆਪਣੇ ਸਿਧਾਤਾਂ ਤੇ ਰਵਾਇਤਾਂ ਅਨੁਸਾਰ ਸੰਘਰਸ਼ ਕਰਨਾ ਸਿੱਖਾਂ ਦਾ ਹੱਕ ਅਤੇ ਫਰਜ਼ ਹੈ।ਉਹਨਾ ਕਿਹਾ ਕਿ ਇਸ ਵੇਲੇ ਦੱਖਣੀ ਏਸ਼ੀਆ ਦਾਬਵ ਖਿੱਤਾ ਵੱਡੀਆਂ ਸੰਸਾਰ ਤਾਕਤਾਂ ਦੇ ਮੁਫਾਦਾਂ ਦੇ ਭੇੜ ਦਾ ਇਕ ਧੁਰਾ ਬਣ ਰਿਹਾ ਹੈ ਅਤੇ ਪੰਜਾਬ ਤੇ ਸਿੱਖ ਇਸ ਕੇਂਦਰ ਵਿਚ ਆਉਂਦੇ ਹਨ। ਲੰਘੇ ਸਮੇਂ ਤੋਂ ਕੌਮਾਂਤਰੀ ਖਬਰਖਾਨੇ ਵਿਚ ਜਿਵੇਂ ਸਿੱਖਾਂ ਦੀ ਚਰਚਾ ਹੋ ਰਹੀ ਹੈ ਅਤੇ ਪੱਛਮੀ ਤਾਕਤਾਂ ਦੀ ਇੰਡੀਆ ਨਾਲ ਕੂਟਨੀਤੀ ਵਿਚ ਸਿੱਖਾਂ ਤੇ ਖਾਲਿਸਤਾਨ ਦੇ ਮਸਲੇ ਕੇਂਦਰ ਵਿਚ ਹਨ। ਇਸ ਬਣ ਰਹੇ ਮਹੌਲ ਵਿਚ ਸਿੱਖਾਂ ਦੇ ਪ੍ਰਭੂਸੱਤਾ ਸੰਪਨ ਦੇਸ਼ ਦੀ ਕਾਇਮੀ ਸਰਬਤ ਦੇ ਭਲੇ ਤੇ ਕੌਮਾਂਤਰੀ ਤਵਾਜ਼ਨ ਲਈ ਅਹਿਮ ਸਾਕਾਰਾਤਮਿਕ ਭੂਮਿਕਾ ਨਿਭਾਏਗੀ। ਮੌਜੂਦਾ ਸਮੇਂ ਵਿਚ ਸਿੱਖਾਂ ਦੇ ਕਰਨਯੋਗ ਕਾਰਜਾਂ ਬਾਰੇ ਪੰਥ ਸੇਵਕਾਂ ਨੇ ਕਿਹਾ ਕਿ ਇਸ ਵੇਲੇ ਸਿੱਖਾਂ ਨੂੰ ਆਪਸੀ ਇਤਫਾਕ ਬਣਾ ਕੇ ਮਜਬੂਤੀ ਨਾਲ ਇੰਡੀਅਨ ਸਟੇਟ ਦੀਆਂ ਵਿਓਂਤਬੰਦੀਆਂ ਦਾ ਟਾਕਰਾ ਕਰਨ ਦੀ ਲੋੜ ਹੈ। ਸਿੱਖਾਂ ਨੂੰ ਆਪਣੀ ਅੰਦਰੂਨੀ ਕਤਾਰਬੰਦੀ ਗੁਰਮਤੇ ਅਤੇ ਪੰਚ ਪ੍ਰਧਾਨੀ ਪ੍ਰਣਾਲੀ ਅਨੁਸਾਰ ਕਾਇਦਾਬੱਧ ਕਰਨ ਦੀ ਲੋੜ ਹੈ। ਅਸੀਂ ਇਸ ਦਿਸ਼ਾ ਵਿਚ ਯਤਨਸ਼ੀਲ ਹਾਂ ਅਤੇ ਸਮੂਹ ਸੁਹਿਰਦ ਸਿੱਖ ਧਿਰਾਂ ਨੂੰ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਆਪਸੀ ਇਤਫਾਕ ਬਣਾ ਕੇ ਮੌਜੂਦਾ ਹਾਲਾਤ ਵਿਚ ਸਿੱਖਾਂ ਦੀ ਬਿਹਤਰੀ ਯਕੀਨੀ ਬਣਾਉਣ ਲਈ ਏਕਾ ਸਿਰਜਣ ਦੀ ਬੇਨਤੀ ਕਰਦੇ ਹਾਂ।

# ਟੁੱਟਣ ਲੱਗਾ ਇੰਡੀਆ ਗਠਜੋੜ

ਨਵੀਂ ਦਿੱਲੀ-ਆਗਾਮੀ ਲੋਕ ਸਭਾ ਚੋਣਾਂ ਵਿਚ ਭਾਜਪਾ ਦਾ ਮੁਕਾਬਲਾ ਕਰਨ ਬਣਿਆ ਵਿਰੋਧੀ ਗਠਜੋੜ ਈਂਡੀਆ ਹੁਣ ਖਿਲਰਨ ਲੱਗਿਆ ਹੈ। ਹਿੰਦੀ ਹਾਰਟਲੈਂਡ ਯਾਨੀ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਤਿੰਨ ਸੂਬਿਆਂ 'ਚ ਕਾਂਗਰਸ ਨੂੰ ਮਿਲੀ ਹਾਰ ਨੇ ਵਿਰੋਧੀ ਗਠਜੋੜ ਦੀ ਏਕਤਾ ਵਿਚ ਦਰਾਰ ਪੈਦਾ ਕਰ ਦਿੱਤੀ ਹੈ। ਹੁਣ ਮਮਤਾ ਬੈਨਰਜੀ, ਅਖਿਲੇਸ਼ ਯਾਦਵ ਅਤੇ ਨਿਤੀਸ਼ ਕੁਮਾਰ ਵਰਗੇ ਆਗੂ ਕਾਂਗਰਸ ਨਾਲ ਨਹੀਂ ਖੜ੍ਹਨਾ ਚਾਹੁੰਦੇ, ਜੋ ਹੁਣ ਤਕ ਇਸ ਗਠਜੋੜ ਦੀ ਅਗਵਾਈ ਕਰ ਰਹੀ ਸੀ। 6 ਦਸੰਬਰ ਨੂੰ ਹੋਣ ਵਾਲੀ 9.N.4.9.1 ਗਠਜੋੜ ਦੀ ਬੈਠਕ 'ਚ ਸ਼ਾਮਲ ਹੋਣ ਲਈ ਟੀਐਮਸੀ ਮੁਖੀ ਮਮਤਾ ਬੈਨਰਜੀ ਨੇ ਇਨਕਾਰ ਕਰ ਦਿੱਤਾ ਹੈ। ਉੱਥੇ ਹੀ ਸਪਾ ਮੁਖੀ ਅਖਿਲੇਸ਼ ਯਾਦਵ ਨੇ ਵੀ ਮੀਟਿੰਗ ਵਿਚ ਸ਼ਾਮਲ ਹੋਣ ਦੀ ਯੋਜਨਾ ਨਹੀਂ ਬਣਾਈ ਹੈ। ਦਰਅਸਲ ਗਠਜੋੜ 'ਚ ਸ਼ਾਮਲ ਪਾਰਟੀਆਂ ਨੇ ਪਿਛਲੀਆਂ ਕਈ ਬੈਠਕਾਂ 'ਚ ਕਾਂਗਰਸ ਨਾਲ ਸੀਟਾਂ ਦੀ ਵੰਡ 'ਤੇ ਚਰਚਾ ਕੀਤੀ ਸੀ ਪਰ ਕਾਂਗਰਸ ਨੇ ਇਸ ਮੁੱਦੇ 'ਤੇ ਕੋਈ ਫੈਸਲਾ ਨਹੀਂ ਲਿਆ। ਤਿੰਨ ਸੂਬਿਆਂ ਵਿਚ ਹਾਰ ਤੋਂ ਬਾਅਦ ਟੀਐਮਸੀ ਨੇਤਾ ਅਤੇ ਸੀਐਮ ਮਮਤਾ ਬੈਨਰਜੀ ਨੇ ਕਿਹਾ ਕਿ ਕਾਂਗਰਸ ਦੀ ਚੋਣ ਰਣਨੀਤੀ ਸਹੀ ਨਹੀਂ ਸੀ।

# ਰਾਜਸਥਾਨ ਵਿੱਚ ਕਰਣੀ ਸੈਨਾ ਦੇ ਪ੍ਰਧਾਨ ਦੀ ਗੋਲੀ ਮਾਰ ਕੇ ਹੱਤਿਆ

ਜੈਪੁਰ-ਜੈਪੁਰ 'ਚ ਸ੍ਰੀ ਰਾਸ਼ਟਰੀ ਰਾਜਪੂਤ ਕਰਣੀ ਸੈਨਾ ਦੇ ਪ੍ਰਧਾਨ ਸੁਖਦੇਵ ਸਿੰਘ ਗੁੱਗਾਮਾੜੀ ਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।ਪੁਲੀਸ ਮੁਤਾਬਕ ਹਮਲੇ ਵਿੱਚ ਦੋ ਵਿਅਕਤੀ ਜ਼ਖ਼ਮੀ ਵੀ ਹੋਏ ਹਨ।ਪੁਲੀਸ ਨੇ ਦੱਸਿਆ ਕਿ ਚਾਰ-ਪੰਜ ਹਮਲਾਵਰ ਗੁੱਗਾਮਾੜੀ ਦੇ ਘਰ ਵਿੱਚ ਦਾਖਲ ਹੋਏ ਅਤੇ ਗੋਲੀਬਾਰੀ ਕੀਤੀ। ਗੁੱਗਾਮਾੜੀ ਦੀ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ।

BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
autoplan
"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਕੈਨੇਡੀਅਨ ਸਿਆਸਤਦਾਨ ਦਲਜੀਤ ਸਿੰਘ ਬਰਾੜ ਮੈਨੀਟੋਬਾ ਦੀ ਵਿਧਾਨ ਸਭਾ ਦੇ ਚੁਣੇ ਗਏ ਅਸਿਸਟੈਂਟ ਸਪੀਕਰ

ਮੈਨੀਟੋਬਾ:ਕੈਨੇਡਾ ਵਿੱਚ ਇੱਕ ਹੋਰ ਪੰਜਾਬੀ ਨੇ ਸਿਆਸਤ ਵਿੱਚ ਵੱਡਾ ਮੁਕਾਮ ਹਾਸਲ ਕੀਤਾ ਹੈ।ਕੈਨੇਡੀਅਨ ਸਿਆਸਤਦਾਨ ਦਲਜੀਤ ਸਿੰਘ ਬਰਾੜ ਮੈਨੀਟੋਬਾ ਦੀ ਵਿਧਾਨਸਭਾ ਦੇ ਅਸਿਸਟੈਂਟ ਸਪੀਕਰ ਚੁਣੇ ਗਏ ਹਨ। ਉਹ ਇਸ ਅਹੁਦੇ ਦੇ ਬੈਠਣ ਵਾਲੇ ਪਹਿਲੇ ਸਿੱਖ ਬਣ ਗਏ ਹਨ।ਦਲਜੀਤ ਸਿੰਘ ਬਰਾੜ ਮੁਕਤਸਰ ਦੇ ਭੰਚਾਰੀ ਪਿੰਡ ਦੇ ਰਹਿਣ ਵਾਲੇ ਹਨ।ਬਰਾੜ ਦੂਜੀ ਵਾਰ ਬਰੋਜ਼ ਤੋਂ ਵਿਧਾਇਕ ਚੁਣ ਕੇ ਵਿਧਾਨ ਸਭਾ ਵਿੱਚ ਪਹੁੰਚੇ ਹਨ।



ਉਨ੍ਹਾਂ ਨੇ 29 ਨਵੰਬਰ ਨੂੰ ਆਪਣਾ ਅਹੁਦਾ ਸੰਭਾਲਿਆ ਸੀ।ਦਲਜੀਤ ਸਿੰਘ ਦੇ ਪਿਤਾ ਮੰਗਲ ਸਿੰਘ ਸ਼੍ਰੀ ਮੁਕਤਸਰ ਸਾਹਿਬ ਦੇ ਸ਼ਹਿਰ ਵਿੱਚ ਰਹਿੰਦੇ ਹਨ ਅਤੇ ਉਹ ਸਰਕਾਰੀ ਸਕੂਲ ਦੇ ਰਿਟਾਇਰਡ ਅਧਿਆਪਕ ਹਨ।ਉਨ੍ਹਾਂ ਨੇ ਕਿਹਾ ਸਾਡੇ ਪਰਿਵਾਰ ਅਤੇ ਪੰਜਾਬ ਦੇ ਲਈ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦਾ ਪੁੱਤਰ ਪਹਿਲਾਂ ਕੇਸਾਂ ਧਾਰੀ ਸਿੱਖ ਹੈ ਜੋ ਸਪੀਕਰ ਦੀ ਕੁਰਸੀ 'ਤੇ ਬੈਠਾ ਹੈ।ਦਲਜੀਤ ਸਿੰਘ ਬਰਾੜ ਪੰਜਾਬ ਤੋਂ ਕੈਨੇਡਾ 2010 ਵਿੱਚ ਗਏ ਸਨ ਅਤੇ 13 ਸਾਲ ਦੇ ਅੰਦਰ ਹੀ ਉਨ੍ਹਾਂ ਨੇ ਸਿਆਸਤ ਵਿੱਚ ਵੱਡਾ ਮੁਕਾਮ ਹਾਸਲ ਕਰ ਲਿਆ ਹੈ।

ਪਿਤਾ ਮੰਗਲ ਸਿੰਘ ਨੇ ਦੱਸਿਆ ਕਿ ਪੁੱਤਰ ਦਲਜੀਤ ਅਤੇ ਉਸ ਦੀ ਪਤਨੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਵਿਦਿਆਰਥੀ ਹਨ।ਉਨ੍ਹਾਂ ਨੇ ਉੱਥੇ ਸਹਾਇਕ ਪ੍ਰੋਫੈਸਰ ਵਜੋਂ ਕੰਮ ਕੀਤਾ ਸੀ । ਦਲਜੀਤ ਸਿੰਘ ਨੇ ਜਗਮੀਤ ਸਿੰਘ ਦੀ ਪਾਰਟੀ ਨਿਊ ਡੈਮੋਕ੍ਰੇਟਿਕ ਪਾਰਟੀ ਤੋਂ ਚੋਣ ਜਿੱਤੀ ਸੀ ਅਤੇ ਪਿਛਲੇ ਸਾਲ ਉਨ੍ਹਾਂ ਨੇ ਵਿਧਾਨਸਭਾ ਦੇ ਅੰਦਰ ਇੱਕ ਪ੍ਰਾਈਵੇਟ ਬਿੱਲ ਪੇਸ਼ ਕੀਤਾ ਸੀ ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਹਰ ਸਾਲ 13 ਅਪ੍ਰੈਲ ਵਿਸਾਖੀ ਨੂੰ ਟਰਬਨ ਡੇਅ ਦੇ ਤੌਰ 'ਤੇ ਮਨਾਇਆ ਜਾਵੇਗਾ। ਦਲਜੀਤ ਸਿੰਘ ਵਿਧਾਇਕ ਦੇ ਨਾਲ ਬੁੱਲਾ ਆਰਟ ਇੰਟਰਨੈਸ਼ਨਲ ਦੇ ਡਾਇਰੈਕਟਰ ਵੀ ਸਨ ਜੋ ਪੰਜਾਬੀ ਕਲਚਰ ਅਤੇ ਸਿੱਖਿਆ ਦੇ ਪ੍ਰੋਗਰਾਮ ਨੂੰ ਉਤਸ਼ਾਹਿਤ ਕਰਦਾ ਹੈ।

# ਭਾਰਤ 'ਚ ਬੋਲੇ ਫਲਸਤੀਨ ਦੇ ਰਾਜਦੂਤ ਕਿਹਾ:'ਅੱਤਵਾਦੀ ਸੰਗਠਨ ਨਹੀਂ ਹੈ ਹਮਾਸ ਆਜ਼ਾਦੀ ਘੁਲਾਟੀਏ ਹਨ ਉਹ ਸਾਰੇ'

ਕੇਰਲ-ਭਾਰਤ 'ਚ ਫਲਸਤੀਨੀ ਰਾਜਦੂਤ ਅਦਨਾਨ ਅਬੂ ਅਲ-ਹੈਜਾ ਨੇ ਵੀਰਵਾਰ ਨੂੰ ਇਜ਼ਰਾਈਲ 'ਤੇ ਜ਼ੋਰਦਾਰ ਹਮਲਾ ਕੀਤਾ। ਇਸ ਦੌਰਾਨ ਉਸ ਨੇ ਕਿਹਾ ਕਿ ਹਮਾਸ ''ਇੱਕ ਅੱਤਵਾਦੀ ਸੰਗਠਨ'' ਨਹੀਂ ਹੈ, ਸਗੋਂ ''ਆਜ਼ਾਦੀ ਘੁਲਾਟੀਏ'' ਕਬਜ਼ੇ ਦੇ ਖਿਲਾਫ ਲੜ ਰਹੇ ਹਨ। ਇਜ਼ਰਾਈਲ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ 'ਕਬਜ਼ਾ' 'ਅੱਤਵਾਦੀ' ਹੈ ਅਤੇ ਇਸ ਨੂੰ ਫਲਸਤੀਨ ਛੱਡ ਦੇਣਾ ਚਾਹੀਦਾ ਹੈ। ਉਸਨੇ ਅੱਗੇ ਕਿਹਾ ਕਿ ਫਲਸਤੀਨੀਆਂ ਨੂੰ ਕਿਸੇ ਵੀ ਹੋਰ ਦੇਸ਼ ਵਾਂਗ "ਸ਼ਾਂਤੀ ਅਤੇ ਆਜ਼ਾਦੀ" ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਅਲ-ਹਾਇਜਾ ਨੇ ਮੌਜੂਦਾ ਸੰਘਰਸ਼ ਦੌਰਾਨ ਫਲਸਤੀਨ ਦੇ ਲੋਕਾਂ ਦਾ ਸਮਰਥਨ ਕਰਨ ਲਈ ਕੇਰਲ ਰਾਜ ਦੇ ਲੋਕਾਂ ਦਾ ਵੀ ਧੰਨਵਾਦ ਕੀਤਾ। ਕੋਝੀਕੋਡ 'ਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਫਲਸਤੀਨੀ ਰਾਜਦੂਤ ਨੇ ਕਿਹਾ, ਮੈਂ ਇੱਥੇ ਦੱਸਣਾ ਚਾਹਾਂਗਾ ਕਿ ਹਮਾਸ ਅੱਤਵਾਦੀ ਸੰਗਠਨ ਨਹੀਂ ਹੈ। ਹਮਾਸ ਇੱਕ ਆਜ਼ਾਦੀ ਘੁਲਾਟੀਏ ਸੰਗਠਨ ਹੈ। ਉਹ ਕਬਜ਼ੇ ਦੀ ਲੜਾਈ ਲੜ ਰਹੇ ਹਨ, ਕਬਜ਼ਾ ਅੱਤਵਾਦੀਆਂ ਦਾ ਹੈ ਅਤੇ ਉਨ੍ਹਾਂ ਨੂੰ ਸਾਡਾ ਘਰ ਛੱਡ ਦੇਣਾ ਚਾਹੀਦਾ ਹੈ। ਸਾਨੂੰ ਦੁਨੀਆ ਦੇ ਕਿਸੇ ਵੀ ਦੇਸ਼ ਵਾਂਗ ਸ਼ਾਂਤੀ ਅਤੇ ਆਜ਼ਾਦੀ ਨਾਲ ਰਹਿਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ 7 ਅਕਤੂਬਰ ਨੂੰ ਹਮਾਸ ਵੱਲੋਂ ਇਜ਼ਰਾਈਲ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਫਲਸਤੀਨੀ ਅਥਾਰਟੀ ਨੇ ਕਦੇ ਵੀ ਇਸ ਹਮਲੇ ਦੀ ਨਿੰਦਾ ਨਹੀਂ ਕੀਤੀ ਹੈ। ਇਸ ਤੋਂ ਪਹਿਲਾਂ, ਫਲਸਤੀਨੀ ਰਾਜਦੂਤ ਨੇ ਏਐਨਆਈ ਨੂੰ ਦੱਸਿਆ ਸੀ ਕਿ ਇਜ਼ਰਾਈਲ ਨਾਲ ਟਕਰਾਅ ਹਮੇਸ਼ਾ ਜਾਰੀ ਰਹੇਗਾ ਜਦੋਂ ਤੱਕ "ਪੂਰਬੀ ਯਰੂਸ਼ਲਮ ਦੀ ਰਾਜਧਾਨੀ ਵਜੋਂ ਇੱਕ ਫਲਸਤੀਨੀ ਰਾਜ ਸਥਾਪਤ ਨਹੀਂ ਹੁੰਦਾ"। 7 ਅਕਤੂਬਰ ਨੂੰ ਹਮਾਸ ਨੇ ਇਜ਼ਰਾਈਲ 'ਤੇ ਅੱਤਵਾਦੀ ਹਮਲਾ ਕੀਤਾ ਸੀ। 2000 ਤੋਂ ਵੱਧ ਅੱਤਵਾਦੀਆਂ ਨੇ ਇਜ਼ਰਾਇਲੀ ਸਰਹੱਦਾਂ ਦੀ ਉਲੰਘਣਾ ਕੀਤੀ ਅਤੇ ਇੱਕ ਵੱਡਾ ਹਮਲਾ ਕੀਤਾ ਜਿਸ ਵਿੱਚ 1200 ਤੋਂ ਵੱਧ ਲੋਕ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ। ਹਮਾਸ ਨੇ 7 ਅਕਤੂਬਰ ਨੂੰ ਗਾਜ਼ਾ ਪੱਟੀ ਵਿੱਚ 200 ਤੋਂ ਵੱਧ ਲੋਕਾਂ ਨੂੰ ਬੰਧਕ ਬਣਾ ਲਿਆ ਸੀ। ਇਸ ਤੋਂ ਬਾਅਦ, ਇਜ਼ਰਾਈਲ ਨੇ ਗਾਜ਼ਾ ਵਿੱਚ ਹਮਾਸ ਦੇ ਅੱਤਵਾਦੀ ਸੈੱਲਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਮਜ਼ਬੂਤ ??ਜਵਾਬੀ ਹਮਲਾ ਸ਼ੁਰੂ ਕੀਤਾ। ਹਾਲਾਂਕਿ, ਇਜ਼ਰਾਈਲੀ ਹਵਾਈ ਹਮਲਿਆਂ ਅਤੇ ਜ਼ਮੀਨੀ ਕਾਰਵਾਈਆਂ ਨੇ ਵੱਧ ਰਹੇ ਨਾਗਰਿਕਾਂ ਦੀ ਮੌਤ ਦੀ ਗਿਣਤੀ ਨੂੰ ਲੈ ਕੇ ਅਧਿਕਾਰ ਸਮੂਹਾਂ ਅਤੇ ਅਰਬ ਸੰਸਾਰ ਤੋਂ ਗੁੱਸਾ ਕੱਢਿਆ। ਗਾਜ਼ਾ ਵਿੱਚ ਹਮਾਸ ਦੁਆਰਾ ਚਲਾਏ ਜਾ ਰਹੇ ਮੰਤਰਾਲੇ ਦੇ ਅਨੁਸਾਰ, ਗਾਜ਼ਾ ਵਿੱਚ ਚੱਲ ਰਹੇ ਇਜ਼ਰਾਈਲੀ ਹਮਲੇ ਵਿੱਚ 5,000 ਤੋਂ ਵੱਧ ਬੱਚਿਆਂ ਸਮੇਤ 14,000 ਤੋਂ ਵੱਧ ਲੋਕ ਮਾਰੇ ਗਏ ਹਨ। ਇਸ ਦੌਰਾਨ, ਇਜ਼ਰਾਈਲ ਅਤੇ ਹਮਾਸ ਵਰਤਮਾਨ ਵਿੱਚ ਇੱਕ ਬੰਧਕ ਸਮਝੌਤੇ ਦੇ ਤਹਿਤ ਲੜਾਈ ਵਿੱਚ ਇੱਕ ਸੰਚਾਲਨ ਵਿਰਾਮ ਦੇਖ ਰਹੇ ਹਨ। ਸ਼ੁਰੂ ਵਿਚ ਇਹ ਜੰਗਬੰਦੀ ਚਾਰ ਦਿਨਾਂ ਲਈ ਸੀ ਪਰ ਬਾਅਦ ਵਿਚ ਇਸ ਨੂੰ ਵਧਾ ਕੇ ਸੱਤਵੇਂ ਦਿਨ ਕਰ ਦਿੱਤਾ ਗਿਆ। ਦਿ ਟਾਈਮਜ਼ ਆਫ਼ ਇਜ਼ਰਾਈਲ ਦੇ ਅਨੁਸਾਰ, ਇਸ ਤੋਂ ਪਹਿਲਾਂ ਵੀਰਵਾਰ ਨੂੰ, ਹਮਾਸ ਨੇ ਦੋ ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕੀਤਾ ਸੀ, ਜਿਸ ਨਾਲ ਅੱਜ ਬੰਧਕਾਂ ਦੀ ਕੁੱਲ ਗਿਣਤੀ ਅੱਠ ਹੋ ਗਈ ਹੈ।

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ


Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਹਰਦੀਪ ਸਿੰਘ ਨਿੱਝਰ ਦੇ ਕਤਲ ਬਾਰੇ ਹੋਰ ਤੱਥ ਆਏ ਸਾਹਮਣੇ:4 ਸਿੱਖ ਆਗੂਆਂ ਦੇ ਕਰਨੇ ਸਨ ਕਤਲ

ਵਾਸ਼ਿੰਗਟਨ ਅਮਰੀਕੀ ਸਰਕਾਰ ਦੇ ਵਕੀਲਾਂ ਨੇ ਇੱਕ ਭਾਰਤੀ ਉੱਤੇ ਉੱਤਰੀ ਅਮਰੀਕਾ ਵਿੱਚ ਘੱਟੋ-ਘੱਟ ਚਾਰ ਸਿੱਖ ਕਾਰਕੁਨਾਂ ਦੇ ਕਤਲ ਦੀ ਸਾਜਿਸ਼ ਰਚਣ ਦੇ ਇਲਜ਼ਾਮ ਲਗਾਏ ਹਨ। ਇਨ੍ਹਾਂ ਇਲਜ਼ਾਮਾਂ ਤਹਿਤ ਮਾਮਲੇ ਨੂੰ ਕੈਨੇਡਾ ਵਿੱਚ ਹੋਏ ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ ਵੀ ਜੋੜਿਆ ਗਿਆ ਹੈ। 18 ਜੂਨ ਨੂੰ ਨਿਖਿਲ ਗੁਪਤਾ ਨੇ ਇਕ ਕੈਨੇਡੀਆਈ ਸਿੱਖ ਕਾਰਕੁਨ ਦੀ ਵੀਡੀਓ ਦੇਖੀ ਜਿਸਨੂੰ ਨੂੰ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਖ਼ੂਨ ਨਾਲ ਲਿੱਬੜੀ ਉਸ ਦੀ ਲਾਸ਼ ਗੱਡੀ ਦੇ ਸਟੇਅਰਿੰਗ ਉੱਤੇ ਡਿੱਗੀ ਹੋਈ ਸੀ। ਨਿਖਿਲ ਗੁਪਤਾ ਨੇ ਇਹ ਵੀਡੀਓ ਕਿਸੇ ਹੋਰ ਦੇਸ਼ ਵਿੱਚ ਰਹਿੰਦੇ ਇੱਕ ਬੰਦੇ ਨੂੰ ਭੇਜੀ। ਨਿਖਿਲ ਨੇ ਅਗਲੇ ਦਿਨ ਫੋਨ ਉੱਤੇ ਇਸ ਬੰਦੇ ਨੂੰ ਕਿਹਾ ਕਿ ਕੈਨੇਡੀਆਈ ਨਾਗਰਿਕ ਸਾਡੀ ਸੂਚੀ ਵਿੱਚ #4, #3 ਨੰਬਰ ਦਾ "ਨਿਸ਼ਾਨਾ" ਸੀ।

ਨਿਖਿਲ ਨੇ ਕਥਿਤ ਤੌਰ 'ਤੇ ਕਿਹਾ, "ਬਹੁਤ ਸਾਰੇ ਬੰਦੇ ਸਾਡੇ ਨਿਸ਼ਾਨੇ ਉੱਤੇ ਹਨ, ਚੰਗੀ ਖ਼ਬਰ ਇਹ ਹੈ ਕਿ ਹੁਣ ਉਡੀਕ ਕਰਨ ਦੀ ਕੋਈ ਲੋੜ ਨਹੀਂ ਹੈ।" ਇਹ ਕਥਿਤ ਗੱਲਬਾਤ ਅਮਰੀਕੀ ਵਕੀਲਾਂ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਵਿੱਚ ਦਰਜ ਹੈ।

ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਨੇ ਗੁਪਤਾ ਉੱਤੇ ਇਹ ਇਲਜ਼ਾਮ ਲਾਏ ਹਨ ਕਿ ਉਸਨੇ ਅਜਿਹਾ ਕਥਿਤ ਤੌਰ 'ਤੇ ਭਾਰਤ ਸਰਕਾਰ ਦੇ ਇੱਕ ਅਫ਼ਸਰ ਦੇ ਕਹਿਣ ਉੱਤੇ ਕੀਤਾ। 45 ਸਾਲਾ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਨੇ ਕੈਨੇਡੀਆਈ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ।

ਓਟਾਵਾ ਦੀ ਕਾਰਲਟਨ ਯੂਨੀਵਰਸਿਟੀ ਵਿੱਚ ਅੰਤਰਾਸ਼ਟਰੀ ਮਾਮਲਿਆਂ ਦੀ ਪ੍ਰੋਫ਼ੈਸਰ ਸਟਿਫਨੀ ਕਾਰਵਿਨ ਨੇ ਬੀਬੀਸੀ ਨੂੰ ਦੱਸਿਆ "ਅੱਜ ਦੇ ਸਬੂਤ ਟਰੂਡੋ ਨੇ ਜੋ ਸਤੰਬਰ ਵਿੱਚ ਕਿਹਾ ਉਸ ਤੋਂ ਵੀ ਅੱਗੇ ਦੀ ਗੱਲ ਕਰਦੇ ਹਨ, ਇਹ ਸਪਸ਼ਟ ਹੁੰਦਾ ਹੈ ਕਿ ਚਾਰ ਲੋਕਾਂ ਦੇ ਕਤਲ ਦੀ ਸਾਜਿਸ਼ ਰਚੀ ਗਈ ਸੀ ਜਿਨ੍ਹਾਂ ਵਿੱਚੋਂ ਤਿੰਨ ਕੈਨੇਡਾ ਵਿੱਚ ਸਨ, ਨਿੱਝਰ ਦਾ ਕਤਲ ਇਸ ਨਾਲ ਹੀ ਜੁੜਿਆ ਹੈ।"

ਅਮਰੀਕੀ ਅਫ਼ਸਰਾਂ ਦਾ ਇਲਜ਼ਾਮ ਹੈ ਕਿ ਨਿਖਿਲ ਗੁਪਤਾ ਅੰਤਰਾਸ਼ਟਰੀ ਪੱਧਰ 'ਤੇ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਹੈ। ਅਮਰੀਕੀ ਵਕੀਲਾਂ ਦੇ ਇਲਜ਼ਾਮਾਂ ਮੁਤਾਬਕ ਨਿਖਿਲ ਗੁਪਤਾ ਨੇ ਭਾਰਤ ਸਰਕਾਰ ਦੇ ਇੱਕ ਅਫ਼ਸਰ ਦੇ ਕਹਿਣ ਉੱਤੇ ਪੰਨੂ ਉੱਤੇ ਨਿਗਾਹ ਰੱਖੀ।

ਇਸ ਅਫ਼ਸਰ ਨੇ ਆਪਣੇ ਆਪ ਨੂੰ ਇੱਕ "ਸੀਨੀਅਰ ਫੀਲਡ ਅਫ਼ਸਰ" ਦੱਸਿਆ। ਇਸ ਦਸਤਾਵੇਜ਼ ਵਿੱਚ ਇਹ ਸਾਹਮਣੇ ਆਉਂਦਾ ਹੈ ਕਿ ਕਿਵੇਂ ਅਮਰੀਕੀ ਸਰਕਾਰੀ ਮਹਿਕਮਿਆਂ ਨੇ ਇਸ ਸਾਜਿਸ਼ ਵਿੱਚ ਘੁਸਪੈਠ ਕੀਤੀ ਅਤੇ ਨਿਖਿਲ ਗੁਪਤਾ




ਨੂੰ ਇੱਕ ਕਤਲ ਦੀ ਫਿਰੌਤੀ ਲਈ ਅਜਿਹੇ ਵਿਅਕਤੀ ਨਾਲ ਮਿਲਵਾਇਆ ਜੋ ਕਿ ਗੁਪਤ ਇੱਕ ਅਮਰੀਕੀ ਏਜੰਟ ਸੀ। ਜਿਵੇਂ ਕਤਲ ਦੀ ਇਹ ਕਥਿਤ ਸਾਜਿਸ਼ ਅੱਗੇ ਵਧੀ, ਨਿਖਿਲ ਗੁਪਤਾ ਨੇ ਇਸ ਗੱਲ ਵੱਲ ਵੀ ਇਸ਼ਾਰਾ ਕੀਤਾ ਕਿ ਹੋਰ ਲੋਕਾਂ ਨੂੰ ਵੀ ਪੰਨੂ ਤੋਂ ਬਾਅਦ ਨਿਸ਼ਾਨਾ ਬਣਾਇਆ ਜਾਵੇਗਾ। ਦਸਤਾਵੇਜ਼ਾ ਮੁਤਾਬਕ ਉਸਨੇ ਇੱਕ ਫੋਨ ਕਾਲ ਵਿੱਚ ਇਹ ਕਿਹਾ ਕਿ "ਹੋਰ ਕੰਮ ਵੀ ਮਿਲੇਗਾ।"

12 ਜੂਨ ਨੂੰ ਨਿਖਿਲ ਗੁਪਤਾ ਨੇ ਅਮਰੀਕਾ ਦੇ ਏਜੰਟ ਨੂੰ ਦੱਸਿਆ ਸੀ ਕਿ ਕੈਨੇਡਾ ਵਿੱਚ ਇੱਕ "ਵੱਡਾ ਨਿਸ਼ਾਨਾ" ਸੀ। ਨਿਖਿਲ ਗੁਪਤਾ ਨੇ ਨਿੱਝਰ ਦੀ ਫੋਟੋ ਭੇਜ ਕੇ ਕਿਹਾ ਕਿ, "ਇਹ ਹੈ ਉਹ ਬੰਦਾ, ਮੈਂ ਤੁਹਾਨੂੰ ਵੀਡੀਓ ਭੇਜੀ ਹੈ, ਕਿਸੇ ਹੋਰ ਵਿਅਕਤੀ ਨੇ ਇਹ ਕੰਮ ਕੀਤਾ ਹੈ।" ਅਦਾਲਤੀ ਦਸਤਾਵੇਜ਼ ਕਹਿੰਦੇ ਹਨ, ਨਿੱਝਰ ਦੇ ਕਤਲ ਨੇ ਨਿਖਿਲ ਗੁਪਤਾ ਨੂੰ ਹੋਰ ਉਤਸ਼ਾਹਿਤ ਕੀਤਾ।

ਉਸਨੇ ਅਮਰੀਕੀ ਏਜੰਟ ਨੂੰ ਕਿਹਾ ਕਿ ਅਮਰੀਕੀ ਕਾਰਕੁਨ ਦਾ ਕਤਲ 'ਜਲਦੀ' ਹੋਣਾ ਚਾਹੀਦਾ ਹੈ ਅਤੇ ਜਦੋਂ ਇਹ ਹੋ ਜਾਵੇ ਉਨ੍ਹਾਂ ਦੇ ਕੋਲ ਤਿੰਨ ਹੋਰ 'ਕੰਮ' ਹਨ ਜਿਹੜੇ ਜੂਨ ਖ਼ਤਮ ਹੋਣ ਤੋਂ ਪਹਿਲਾਂ ਕਰਨਾ ਹੈ, ਇਹ ਤਿੰਨੋ ਕੈਨੇਡਾ ਵਿੱਚ ਹਨ।

ਅਮਰੀਕੀ ਵਕੀਲਾਂ ਦੇ ਇਲਜ਼ਾਮਾਂ ਵਿੱਚ ਸਾਹਮਣੇ ਆਈ ਸੂਚਨਾ ਨੇ ਨਿੱਝਰ ਸਣੇ ਕੈਨੇਡੀਆਈ ਨਾਗਰਿਕਾਂ ਉੱਤੇ ਖ਼ਤਰੇ ਬਾਰੇ ਨਵੇਂ ਸੁਆਲ ਖੜ੍ਹੇ ਕੀਤੇ ਹਨ। ਇਹ ਰਿਪੋਰਟਾਂ ਹਨ ਕਿ ਨਿੱਝਰ ਨੂੰ ਉਨ੍ਹਾਂ ਦੇ ਕਤਲ ਤੋਂ ਪਹਿਲਾਂ ਕੈਨੇਡੀਆਈ ਕਾਨੂੰਨੀ ਮਹਿਕਮਿਆਂ ਵੱਲੋਂ ਇਹ ਸੂਚਨਾ ਦਿੱਤੀ ਗਈ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਪਰ ਇਹ ਸਪਸ਼ਟ ਨਹੀਂ ਹੈ ਕਿ ਇਸ ਵਿੱਚੋਂ ਕਿੰਨੀ ਸੂਚਨਾ ਕੈਨੇਡਾ ਨੂੰ ਅਮਰੀਕਾ ਨੇ ਦਿੱਤੀ ਸੀ।

ਪਰ ਅਮਰੀਕਾ ਸਾਜਿਸ਼ ਨੂੰ ਨਾਕਾਮ ਕਰਨ ਵਿੱਚ ਸਫ਼ਲ ਕਿਵੇਂ ਰਿਹਾ ਅਤੇ ਕੈਨੇਡਾ ਅਜਿਹਾ ਕਿਉਂ ਨਹੀਂ ਕਰ ਸਕਿਆ।

ਅਮਰੀਕਾ ਦੇ ਇਲਜ਼ਾਮ, ਟਰੂਡੋ ਦੇ ਇਲਜ਼ਾਮ ਇਹ ਦੱਸਦੇ ਹਨ ਕਿ ਅਜਿਹੀਆਂ ਕਈ ਟੀਮਾਂ ਖੁੱਲ੍ਹੀਆਂ ਘੁੰਮ ਰਹੀਆਂ ਹਨ ਇਨ੍ਹਾਂ ਵਿੱਚੋਂ ਇੱਕ ਸਰਕਾਰੀ ਮਹਿਕਮਿਆਂ ਦੇ ਨੱਕ ਹੇਠਾਂ ਆਪਣਾ ਕੰਮ ਕਰ ਸਕੀ ਸੀ। ਬੁੱਧਵਾਰ ਨੂੰ ਵ੍ਹਾਈਟ ਹਾਊਸ ਨੇ ਇਹ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਇਸ ਕਥਿਤ ਸਾਜਿਸ਼ ਦੇ ਮਾਮਲੇ ਨੂੰ ਭਾਰਤ ਸਰਕਾਰ ਦੇ ਸੀਨੀਅਰ ਪੱਧਰ ਉੱਤੇ ਚੁੱਕਿਆ ਗਿਆ ਹੈ।

ਬ੍ਰਿਟਿਸ਼ ਕੋਲੰਬੀਆ ਰਹਿੰਦੇ ਸਿੱਖ ਪੱਤਰਕਾਰ ਅਤੇ ਰੇਡੀਓ ਪੱਤਰਕਾਰ ਗੁਰਪ੍ਰੀਤ ਸਿੰਘ ਕਹਿੰਦੇ ਹਨ ਕਿ ਜਿੱਥੇ ਅਸੀਂ ਇਸ ਸਾਰੇ ਮਾਮਲੇ ਦੇ ਕੂਟਨੀਤਕ ਨਤੀਜਿਆਂ ਦੀ ਉਡੀਕ ਕਰ ਰਹੇ ਹਾਂ, ਹੋਏ ਖ਼ੁਲਾਸੇ ਨੇ ਕੈਨੇਡੀਆਈ ਸਿੱਖਾਂ ਦੇ ਸੰਸਿਆਂ ਨੂੰ ਪ੍ਰਮਾਣਿਤ ਕੀਤਾ ਹੈ। "ਲੋਕਾਂ ਨੂੰ ਲੱਗਦਾ ਹੈ ਕਿ ਉਹ ਜੋ ਲੰਬੇ ਸਮੇਂ ਤੋਂ ਕਹਿ ਰਹੇ ਸਨ ਕਿ ਭਾਰਤ ਸਰਕਾਰ ਵਿਰੋਧੀ ਆਵਾਜ਼ਾਂ ਨੂੰ ਦੱਬ ਰਹੀ ਹੈ ਇਹ ਪ੍ਰਮਾਣਿਤ ਹੋ ਗਿਆ ਹੈ।" ਉਹ ਕਹਿੰਦੇ ਹਨ, "ਇੱਕ ਤਰੀਕੇ ਨਾਲ ਮੌਤ ਤੋਂ ਬਾਅਦ ਹਰਦੀਪ ਸਿੰਘ ਨਿੱਝਰ ਸਹੀ ਸਾਬਤ ਹੋਏ ਹਨ।"


A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*8 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਜਿਸਦੀ ਸੇਵਾ ਸ. ਅਮਰੀਕ ਸਿੰਘ ਸੰਘਾ ਪਰਿਵਾਰ ਵੱਲੋਂ ਹੋਵੇਗੀ।

*10 ਦਸੰਬਰ ਦਿਨ ਐਤਵਾਰ ਸਵੇਰੇ 9.30 ਵਜੇ ਭੋਗ ਪਾਏ ਜਾਣਗੇ।

*10 ਦਸੰਬਰ ਦਿਨ ਐਤਵਾਰ ਸਵੇਰੇ 10 ਵਜੇ ਰਾਓਵਰਿੰਦਰ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

ਨੋਟ:1 ਦਸੰਬਰ ਤੋਂ 4 ਫਰਵਰੀ ਤੱਕ ਰੋਜਾਨਾ ਸਿਮਰਨ ਬਾਬਾ ਜਗਜੀਤ ਸਿੰਘ ਖਾਰੇ ਵਾਲੇ ਅਤੇ ਭਾਈ ਕੁਲਦੀਪ ਸਿੰਘ ਰਸੀਲਾ ਸਮੂਹ ਸੰਗਤੀ ਰੂਪ ਵਿਚ ਸ਼ਾਮ 5.30 ਤੋਂ 6.30 ਵਜੇ ਤੱਕ ਕਰਿਆ ਕਰਨਗੇ, ਉਪਰੰਤ ਗੁਰਬਾਣੀ ਕਥਾ ਭਾਈ ਜਸਵੀਰ ਸਿੰਘ ਜੀ ਖੜਗ ਸ਼ਾਮ 6.30 ਤੋ 7.15 ਵਜੇ ਤੱਕ ਰੋਜਾਨਾ ਕਰਨਗੇ।

ਨੋਟ:1 ਦਸੰਬਰ ਤੋਂ 27 ਦਸੰਬਰ ਤੱਕ ਸਾਹਿਬਜਾਦੇ ਅਤੇ ਮਾਤਾ ਗੁਜਰ ਕੌਰ ਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਹਰ ਰੋਜ ਸ਼ਾਮ 5.30 ਤੋਂ 6.30 ਵਜੇ ਤੱਕ ਗੁਰਮੰਤਰ ਦੇ ਜਾਪ ਸੰਗਤੀ ਰੂਪ ਵਿਚ ਹੋਣਗੇ। 27 ਦਸੰਬਰ ਤੋਂ 4 ਫਰਵਰੀ ਤੱਕ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਸਾਲਾਨਾ ਬਰਸੀ ਤੇ ਜਾਪ ਹੋਣਗੇ। 27 ਦਸੰਬਰ ਤੋਂ 4 ਫਰਵਰੀ ਤੱਕ ਨਿਰੰਤਰ ਅਖੰਡ ਪਾਠ ਸਾਹਿਬ ਚੱਲਣਗੇ। ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨੇ ਜੀ।

**ਦਸੰਬਰ ਦਾ ਮਹੀਨਾ ਪੰਥ ਪ੍ਰਸਿੱਧ ਕਥਾਵਾਚਕ ਭਾਈ ਜਸਵੀਰ ਸਿੰਘ ਖੜਗ ਕਥਾ ਕਰਨਗੇ**

ਰਾਗੀ ਜੱਥੇ
ਭਾਈ ਕੁਲਦੀਪ ਸਿੰਘ ਰਸੀਲਾ

ਕਥਾਵਾਚਕ
ਭਾਈ ਜਸਵੀਰ ਸਿੰਘ ਖੜਗ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਜੇ ਨੂਹ ਮਾਮਲੇ ’ਚ ਦਰਜ ਪਰਚੇ ਰੱਦ ਹੋ ਸਕਦੇ ਹਨ ਤਾਂ ਫਿਰ ਸਿੱਖ ਨੌਜਵਾਨਾਂ ਦੇ ਕਿਉਂ ਨਹੀਂ? ਗਿ. ਹਰਪ੍ਰੀਤ ਸਿੰਘ

ਤਲਵੰਡੀ ਸਾਬੋ: ਪਿਛਲੇ ਲੰਬੇ ਸਮੇਂ ਤੋਂ ਦੇਸ਼ ਭਰ ਵਿਚ ਸਿੱਖਾਂ ਖਿਲਾਫ ਭੇਦਭਾਵ ਵਾਲਾ ਮਾਹੌਲ ਸਿਰਜਿਆ ਜਾ ਰਿਹੈ। ਹਰਿਆਣਾ ਦੇ ਨੂਹ ’ਚ ਥਾਣੇ ਨੂੰ ਅੱਗ ਲਗਾ ਕੇ ਦੰਗਾ ਫਸਾਦ ਕਰਨ ਵਾਲਿਆਂ ’ਤੇ ਦਰਜ ਪਰਚੇ ਰੱਦ ਕਰਨੇ ਜਦੋਂਕਿ ਦੂਜੇ ਪਾਸੇ ਸਿੱਖ ਨੌਜਵਾਨਾਂ ਨੂੰ ਬਿਨਾਂ ਕਿਸੇ ਕਸੂਰ ਐੱਨਐੱਸਏ ਤਹਿਤ ਜੇਲ੍ਹਾਂ ’ਚ ਡੱਕਣਾ ਭੇਦਭਾਵ ਹੈ। ਹੁਣ ਸਵਾਲ ਉੱਠਦਾ ਹੈ ਕਿ ਜੇਕਰ ਨੂਹ ਦੇ ਦੋਸ਼ੀਆਂ ਦੇ ਪਰਚੇ ਰੱਦ ਹੋ ਸਕਦੇ ਹਨ ਤਾਂ ਸਿੱਖ ਨੌਜਵਾਨਾਂ ਦੇ ਕਿਉਂ ਨਹੀਂ। ਉਕਤ ਵਿਚਾਰਾਂ ਦਾ ਪ੍ਰਗਟਾਵਾ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਤਖਤ ਸਾਹਿਬ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਅਤੇ ਹੋਰਨਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਅਰਦਾਸ ਸਮਾਗਮ ’ਚ ਸ਼ਮੂਲੀਅਤ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਸਿੱਖਾਂ ਖਿਲਾਫ ਇੱਕ ਖਾਸ ਸਾਜਿਸ਼ ਤਹਿਤ ਭੜਕਾਹਟ ਪੈਦਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 2007 ’ਚ ਲੁਧਿਆਣਾ ਬੰਬ ਕਾਂਡ ਹੋਇਆ ਜੋ ਸਿੱਖਾਂ ਦੇ ਸਿਰ ਮੜ ਦਿੱਤਾ ਗਿਆ।

ਹਾਲਾਂਕਿ ਜਿੰਨੇ ਸਿੱਖ ਉਕਤ ਮਾਮਲੇ ’ਚ ਪੁਲਿਸ ਨੇ ਫੜੇ ਉਹ ਬਾਅਦ ’ਚ ਸਾਰੇ ਬਾਇੱਜ਼ਤ ਬਰੀ ਹੋਏ, ਪਰ ਜਦੋਂ 2017 ’ਚ ਮੌੜ ਬੰਬ ਧਮਾਕਾ ਹੋਇਆ ਅਤੇ ਉਸ ’ਚ ਡੇਰਾ ਸਿਰਸਾ ਮੁਖੀ ਦਾ ਨਾਮ ਆਇਆ ਤਾਂ ਜਾਂਚ ਉੱਥੇ ਹੀ ਠੱਪ ਕਰ ਦਿੱਤੀ ਗਈ ਹੁਣ ਉਸਨੂੰ ਵਾਰ ਵਾਰ ਪੈਰੋਲ ਵੀ ਦਿੱਤੀ



ਜਾ ਰਹੀ ਹੈ। ਸਿੰਘ ਸਾਹਿਬ ਨੇ ਕਿਹਾ ਕਿ ਸਿੱਖ ਨੌਜਵਾਨਾਂ ਦੀ ਝੂਠੇ ਦੋਸ਼ਾਂ ਤਹਿਤ ਫੜੋ ਫੜਾਈ ਇਹ ਵੀ ਇਕ ਕੋਝੀ ਚਾਲ ਦਾ ਹਿੱਸਾ ਹੈ ਤੇ ਅਜਿਹੀਆਂ ਕੋਝੀਆਂ ਚਾਲਾਂ ਸਰਕਾਰਾਂ ਬੰਦ ਕਰਨ।

ਉਨ੍ਹਾਂ ਮੰਗ ਕੀਤੀ ਕਿ ਜਿਵੇਂ ਨੂਹ ’ਚ ਦੰਗਾ ਫਸਾਦ ਕਰਨ ਵਾਲਿਆਂ ਦੇ ਪਰਚੇ ਰੱਦ ਕਰ ਦਿੱਤੇ ਹਨ, ਉਵੇਂ ਸਰਕਾਰ ਸਿੱਖ ਨੌਜਵਾਨਾਂ ’ਤੇ ਦਰਜ ਪਰਚੇ ਵੀ ਰੱਦ ਕਰੇ ਅਤੇ ਪਿਛਲੇ ਲੰਬੇ ਸਮੇਂ ਤੋਂ ਜੇਲ੍ਹਾਂ ’ਚ ਬੰਦ ਸਿੱਖਾਂ ਨੂੰ ਵੀ ਤੁਰੰਤ ਰਿਹਾਅ ਕਰੇ।

# ਯਾਸੀਨ ਮਲਿਕ ਨੂੰ ਮੌਤ ਦੀ ਸਜ਼ਾ ਬਾਰੇ ਸੁਣਵਾਈ 14 ਫਰਵਰੀ ਨੂੰ



ਨਵੀਂ ਦਿੱਲੀ: ਦਿੱਲੀ ਹਾਈ ਕੋਰਟ ਨੇ ਭਾਰਤ ਦੀ ਤਿਹਾੜ ਜੇਲ੍ਹ ਵਿੱਚ ਬੰਦ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਚੇਅਰਮੈਨ ਮੁਹੰਮਦ ਯਾਸੀਨ ਮਲਿਕ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕਰਨ ਵਾਲੀ ਭਾਰਤ ਦੀ ਖ਼ੌਫ਼ਨਾਕ ਕੌਮੀ ਜਾਂਚ ਏਜੰਸੀ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਲਈ 14 ਫਰਵਰੀ2024 ਦੀ ਤਰੀਕ ਤੈਅ ਕੀਤੀ ਹੈ।

ਹਾਈ ਕੋਰਟ ਨੇ ਮੰਗਲਵਾਰ ਨੂੰ ਜੇਲ੍ਹ ਸੁਪਰਡੈਂਟ ਨੂੰ ਯਾਸੀਨ ਮਲਿਕ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ।ਅਗਸਤ ਵਿੱਚ, ਅਦਾਲਤ ਨੇ ਜੇਕੇਐਲਐਫ ਦੇ ਚੇਅਰਮੈਨ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਜਾਰੀ ਕੀਤੇ ਪ੍ਰੋਡਕਸ਼ਨ ਵਾਰੰਟ ਦੇ ਅਨੁਸਾਰ ਸਰੀਰਕ ਪੇਸ਼ੀ ਦੀ ਬਜਾਏ ਤਿਹਾੜ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਮੋਡ ਰਾਹੀਂ ਇਸ ਦੇ ਸਾਹਮਣੇ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ।


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750





ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application
Call : 778-869-1097
By Appointment Only
#202-12677-80AVE SURREY





SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711



The Kirei Sales
Experienced & Honest
Bath & Kitchen Fixtures





Wholesale price to public
We carry all major brands
Fireplaces Also Available





Get all kind of Kitchen & Washroom Fixtures at wholesale prices.
Call For Free Estimates
Parminder Singh: 604-787-7838
604-593-7755
12652-82 Ave, Surrey BC

# ਬਾਹਰਲੇ ਮੁਲਕਾਂ ਵਿਚ ਚੱਲ ਰਹੇ ਰੇਡੀਓ ਸਾਧਨਾਂ ਰਾਹੀ ਸਿੱਖ ਕੌਮ ਵਿਰੁੱਧ ਚੱਲ ਰਿਹਾ ਹੈ ਪ੍ਰਚਾਰ, ਜੋ ਸਿੱਖਾਂ ਉੱਪਰ ਹਮਲਿਆਂ ਨੂੰ ਕਰ ਰਿਹਾ ਹੈ ਉਤਸ਼ਾਹਿਤ:ਮਾਨ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ) –"ਇੰਡੀਅਨ ਹਿੰਦੂ ਖੂਫੀਆ ਏਜੰਸੀਆ ਰਾਅ, ਆਈ.ਬੀ, ਮਿਲਟਰੀ ਇੰਨਟੈਲੀਜੈਸ ਅਤੇ ਕੌਮੀ ਸੁਰੱਖਿਆ ਸਲਾਹਕਾਰ ਵੱਲੋਂ ਜੋ ਸਿੱਖਾਂ ਦੇ ਸਾਜਸੀ ਢੰਗ ਨਾਲ ਕਤਲ ਕੀਤੇ ਜਾ ਰਹੇ ਹਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਾ ਹੈ । ਵਿਸੇਸ ਤੌਰ ਤੇ ਜੋ ਨਿਊਜੀਲੈਂਡ ਮੁਲਕ ਵਿਚ ਜੋ ਉਪੱਦਰ ਹੋਇਆ ਹੈ, ਉਸਦੀ ਨਿਊਜੀਲੈਂਡ ਸਰਕਾਰ ਨੂੰ ਜਾਂਚ ਕਰਵਾਉਣੀ ਬਣਦੀ ਹੈ।ਸਾਡੀ ਪਾਰਟੀ ਸਮੁੱਚੀਆਂ ਵਿਦੇਸ਼ੀ ਸਰਕਾਰਾਂ ਨੂੰ ਕੌਮੀ ਸੁਰੱਖਿਆ ਸਲਾਹਕਾਰ ਅਤੇ ਉਸਦੀ ਟੀਮ ਵੱਲੋ ਜੋ ਬਾਹਰਲੇ ਗੁਰਦੁਆਰਿਆ ਵਿਚ ਸਿੱਖਾਂ ਉਤੇ ਨਿਗਰਾਨੀ ਕੀਤੀ ਜਾ ਰਹੀ ਹੈ, ਉਸ ਸੰਬੰਧੀ ਸੂਚਿਤ ਕਰਨਾ ਆਪਣਾ ਫਰਜ ਸਮਝਦੀ ਹੈ।ਜੋ ਸਿੱਖ ਇਨ੍ਹਾਂ ਦੀ ਸੋਚ ਅਨੁਸਾਰ ਚੱਲਦੇ ਹਨ ਉਨ੍ਹਾਂ ਬਾਹਰਲੇ ਮੁਲਕਾਂ ਦੇ ਵੀਜੇ ਪ੍ਰਦਾਨ ਕਰਵਾਉਣ ਵਿਚ ਅਤੇ ਹੋਰ ਸਹੂਲਤਾਂ ਦੇਣ ਵਿਚ ਸਰਕਾਰ ਮੋਹਰੀ ਬਣੀ ਰਹਿੰਦੀ ਹੈ ਅਤੇ ਜਿਹੜੇ ਸਰਕਾਰਾਂ ਦੇ ਚੁੰਗਲ ਵਿਚ ਨਹੀ ਫਸਦੇ ਉਨ੍ਹਾਂ ਨੂੰ ਅਜਿਹੀਆ ਸਹੂਲਤਾਂ ਤੋ ਵਾਂਝੇ ਰੱਖਿਆ ਜਾਂਦਾ ਹੈ। ਜਦੋਕਿ ਇੰਡੀਅਨ ਵਿਧਾਨ ਦੀ ਧਾਰਾ 14 ਇਥੋ ਦੇ ਸਭ ਨਾਗਰਿਕਾਂ ਨੂੰ ਕਾਨੂੰਨ ਅਨੁਸਾਰ ਬਰਬਾਰਤਾ ਦੇ ਅਧਿਕਾਰ ਪ੍ਰਦਾਨ ਕਰਦੀ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬਾਹਰਲੇ ਮੁਲਕਾਂ ਵਿਚ ਕਈ ਉਨ੍ਹਾਂ ਸਿੱਖਾਂ ਵੱਲੋ ਚਲਾਏ ਜਾ ਰਹੇ ਰੇਡੀਓ ਸਟੇਸਨਾਂ, ਜਿਨ੍ਹਾਂ ਨੂੰ ਹਿੰਦੂਤਵ ਹੁਕਮਰਾਨ ਮਾਲੀ ਮਦਦ ਕਰਦੇ ਹੋਏ ਆਪਣੇ ਸਵਾਰਥੀ ਹਿੱਤਾ ਲਈ ਵਰਤਦੇ ਆ ਰਹੇ ਹਨ ਅਤੇ ਸਿੱਖ ਕੌਮ ਵਿਰੁੱਧ ਗੁੰਮਰਾਹਕੁੰਨ ਪ੍ਰਚਾਰ ਕਰਨ ਅਤੇ ਉਨ੍ਹਾਂ ਦੇ ਗੁਰੂਘਰਾਂ ਦੀ ਨਿਗਰਾਨੀ ਕਰਨ ਲਈ ਵਰਤ ਰਹੇ ਹਨ, ਦੇ ਉਤੇ ਆਪਣੇ ਖਿਆਲਾਤ ਪ੍ਰਗਟਾਉਦੇ ਹੋਏ ਅਤੇ ਬਾਹਰਲੇ ਮੁਲਕਾਂ ਦੀਆਂ ਸਰਕਾਰਾਂ ਨੂੰ ਇਸ ਗੰਭੀਰ ਵਿਸੇ ਤੇ ਨਿਰਪੱਖਤਾ ਨਾਲ ਜਾਂਚ ਕਰਵਾਉਣ ਦੀ ਮੰਗ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਇਹ ਮਹਿਸੂਸ ਕਰਦੀ ਹੈ ਕਿ ਇੰਡੀਅਨ ਏਜੰਸੀਆ ਹੀ ਕੀਵੀ ਸਿੱਖਾਂ ਦੀ ਆਜਾਦ ਸੋਚ ਨੂੰ ਭੰਗ ਕਰਨ ਲਈ ਕੰਮ ਕਰਦੀਆ ਹਨ।ਜੋ ਸਾਡੇ ਗੁਰੂਘਰਾਂ ਉਤੇ ਨਜਰ ਰੱਖੀ ਜਾ ਰਹੀ ਹੈ, ਇਸਦੀ ਵੀ ਛਾਣਬੀਨ ਹੋਣੀ ਚਾਹੀਦੀ ਹੈ ।ਜੋ ਸਿੱਖ ਰੇਡੀਓ ਚਲਾਉਣ ਵਾਲਿਆ ਦਾ ਸਰੀਰਕ ਤੌਰ ਤੇ ਨੁਕਸਾਨ ਕੀਤਾ ਜਾਂਦਾ ਹੈ, ਸਾਡੀ ਪਾਰਟੀ ਅਜਿਹੇ ਹਮਲਿਆ ਨੂੰ ਬਿਲਕੁਲ ਰੱਦ ਕਰਦੀ ਹੈ।ਇਥੋ ਤੱਕ ਨਿਊਜੀਲੈਂਡ ਸਰਕਾਰ ਨੂੰ ਇਸ ਗੱਲ ਦੀ ਜਾਂਚ ਕਰਨੀ ਬਣਦੀ ਹੈ ਕਿ ਅਜਿਹੇ ਰੇਡੀਓ ਸਟੇਸਨ ਉਨ੍ਹਾਂ ਮੁਲਕਾਂ ਵਿਚ ਕਿਵੇ ਸਥਾਪਿਤ ਹੁੰਦੇ ਹਨ, ਕੌਣ ਇਨ੍ਹਾਂ ਦੀ ਮਾਲੀ ਮਦਦ ਕਰਦਾ ਹੈ ਅਤੇ ਇਨ੍ਹਾਂ ਨੂੰ ਕਿੱਥੋ ਫੰਡ ਆਉਦੇ ਹਨ ਅਤੇ ਸਟੇਟਲੈਸ ਸਿੱਖਾਂ ਵਿਰੁੱਧ ਪ੍ਰਚਾਰ ਕਰਨ ਲਈ ਇਨ੍ਹਾਂ ਨੂੰ ਕੌਣ ਹਦਾਇਤ ਕਰਦਾ ਹੈ?



ਜਿੰਨੇ ਵੀ ਸਿੱਖ ਬਾਹਰਲੇ ਮੁਲਕਾਂ ਵਿਚ ਜਾਂ ਇਥੇ ਕਤਲ ਹੋਏ ਹਨ, ਉਸ ਲਈ ਕੌਮੀ ਸੁਰੱਖਿਆ ਸਲਾਹਕਾਰ, ਆਈ.ਬੀ, ਰਾਅ, ਮਿਲਟਰੀ ਇੰਨਟੈਲੀਜੈਸ ਸਿੱਧੇ ਤੌਰ ਤੇ ਜਿੰਮੇਵਾਰ ਹਨ।ਕੁਝ ਵਿਸ਼ਸ਼ਸ ਰੇਡੀਓ ਸਟੇਸਨ ਦੇ ਮਾਲਕਾਂ ਨੂੰ ਇਹ ਏਜੰਸੀਆ ਹੀ ਮਾਲੀ ਮਦਦ ਕਰਦੀਆਂ ਹਨ। ਜਦੋਕਿ ਕੌਮੀ ਸੁਰੱਖਿਆ ਸਲਾਹਕਾਰ, ਰਾਅ ਅਤੇ ਕੈਬਨਿਟ ਸਕੱਤਰ ਸਿੱਧੇ ਤੌਰ ਤੇ ਵਜੀਰ ਆਜਮ ਨਰਿੰਦਰ ਮੋਦੀ ਅਤੇ ਆਈ.ਬੀ ਗ੍ਰਹਿ ਵਜੀਰ ਸ੍ਰੀ ਅਮਿਤ ਸ਼ਾਹ ਨੂੰ ਰਿਪੋਰਟ ਦਿੰਦੇ ਹਨ।ਇਸ ਲਈ ਨਿਊਜੀਲੈਂਡ ਅਤੇ ਹੋਰ ਜਮਹੂਰੀਅਤ ਪਸ਼ੰਦ ਮੁਲਕ ਆਪਣੇ ਖੁਦਮੁਖਤਿਆਰੀ ਦੇ ਸਟੇਟਸ ਤੋ ਸੁਚੇਤ ਹੋਣੇ ਚਾਹੀਦੇ ਹਨ ਕਿ ਹਿੰਦੂ ਇੰਡੀਅਨ ਖੂਫੀਆ ਏਜੰਸੀਆ ਉਨ੍ਹਾਂ ਦੇ ਮੁਲਕਾਂ ਅਤੇ ਸੰਸਾਰ ਵਿਚ ਸਿੱਖਾਂ ਦੇ ਗੁਰਦੁਆਰਿਆ ਤੇ ਧਾਰਮਿਕ ਸਥਾਨਾਂ ਦੀ ਨਿਗਰਾਨੀ ਕਿਉਂ ਕਰ ਰਹੇ ਹਨ ? ਇਸ ਵਿਸੇ ਉਤੇ ਕੋਈ ਅਣਹੋਣੀ ਘਟਨਾ ਵਾਪਰੇ, ਉਸ ਤੋ ਪਹਿਲੇ 5 ਆਈ ਮੁਲਕਾਂ ਅਤੇ ਪੱਛਮੀ ਮੁਲਕਾਂ ਨੂੰ ਅਜਿਹੀਆ ਗੈਰ ਸਮਾਜਿਕ, ਗੈਰ ਕਾਨੂੰਨੀ ਇੰਡੀਅਨ ਹੁਕਮਰਾਨਾਂ ਵੱਲੋ ਕੀਤੇ ਜਾਣ ਵਾਲੇ ਅਮਲਾਂ ਉਤੇ ਸਖਤ ਨੋਟਿਸ ਲੈਣਾ ਬਣਦਾ ਹੈ ।ਸ. ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਨਿਊਜੀਲੈਂਡ ਦੇ ਵਜੀਰ ਏ ਆਜਮ ਅਤੇ ਸਰਕਾਰ ਅਜਿਹੇ ਸਮਾਜ ਵਿਰੋਧੀ ਅਮਲ ਕਰਨ ਵਾਲੀਆ ਏਜੰਸੀਆਂ ਅਤੇ ਇੰਡੀਆਂ ਸਟੇਟ ਦੇ ਨੁਮਾਇੰਦਿਆਂ ਉਤੇ ਤਿੱਖੀ ਨਜਰ ਰੱਖਣਗੇ ਤਾਂ ਕਿ ਹੋਰ ਕੋਈ ਵੱਡੀ ਘਟਨਾ ਨਾ ਹੋ ਸਕੇ ਅਤੇ ਇਨ੍ਹਾਂ ਦੀ ਪ੍ਰਭੂਸਤਾ ਨੂੰ ਕਿਸੇ ਤਰ੍ਹਾਂ ਦਾ ਖਤਰਾ ਨਾ ਹੋਵੇ।

## ਭਾਰਤੀ ਮੂਲ ਦੇ ਦੇਵ ਸ਼ਰਮਾ ਨੇ ਆਸਟਰੇਲਿਆਈ ਸੰਸਦ 'ਚ ਸੈਨੇਟਰ ਵਜੋਂ ਸਹੁੰ ਚੁੱਕੀ

ਕੈਨਬਰਾ–ਭਾਰਤੀ ਮੂਲ ਦੇ ਸਾਬਕਾ ਸੰਸਦ ਮੈਂਬਰ ਦੇਵ ਸ਼ਰਮਾ ਨੇ ਅੱਜ ਆਸਟਰੇਲੀਆਈ ਸੰਸਦ 'ਚ ਨਿਊ ਸਾਊਥ ਵੇਲਜ਼ ਦੇ ਸੈਨੇਟਰ ਵਜੋਂ ਅਧਿਕਾਰਤ ਤੌਰ 'ਤੇ ਸਹੁੰ ਚੁੱਕੀ।

47 ਸਾਲਾ ਸ੍ਰੀ ਸ਼ਰਮਾ ਪਿਛਲੇ ਮਹੀਨੇ ਐਂਡਰਿਊ ਕਾਂਸਟੈਂਸ ਨੂੰ ਹਰਾ ਕੇ ਸੈਨੇਟ ਦੀ ਸੀਟ ਜਿੱਤਣ ਵਾਲੀ ਵਿਰੋਧੀ ਲਿਬਰਲ ਪਾਰਟੀ ਤੋਂ ਭਾਰਤੀ ਮੂਲ ਦੇ ਪਹਿਲੇ ਵਿਅਕਤੀ ਬਣ ਗਏ ਸਨ। ਇਜ਼ਰਾਈਲ ਵਿੱਚ ਸਾਬਕਾ ਆਸਟਰੇਲਿਆਈ ਰਾਜਦੂਤ ਸ੍ਰੀ ਦੇਵ ਸ਼ਰਮਾ ਨੂੰ ਸਹੁੰ ਚੁੱਕਣ ਬਾਅਦ ਉਨ੍ਹਾਂ ਨੇ ਸਹਿਯੋਗੀਆਂ ਨੇ ਵਧਾਈ ਦਿੱਤੀ।


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# TMG LOGISTICS INC.

## Need Owner Operators

*Vancouver to California *California to Alberta Back Vancouver
*Vancouver to East USA Return

NOW HIRING

*Good Paying Loads*



## Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਵਿਸ਼ਾ:ਗੁਰੂ ਸਾਹਿਬਾਂ ਵੱਲੋਂ ਸੋਧਿਆ ਕੈਲੰਡਰ?

ਗੁਰਚਰਨ ਸਿੰਘ ਸੇਖੋਂ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਿਹ।

ਗੁਰਚਰਨ ਸਿੰਘ ਜੀ, ਆਪ ਜੀ ਵੱਲੋ ਲਿਖੇ ਨਿਮਰਤਾ ਭਰੇ ਸ਼ਬਦਾਂ, "ਇਨਸਾਨ ਭੁੱਲਣਹਾਰ ਹੈ ਅਤੇ ਭੁੱਲਾਂ ਕਰਦਾ ਹੈ।

ਇਸ ਲਈ ਸਾਡੇ ਪਾਸੋਂ ਵੀ ਇਸ ਕਿਤਾਬ ਵਿਚ ਭੁੱਲਾਂ ਹੋਈਆਂ ਹੋਣਗੀਆਂ। ਜਿਹੜਾ ਵੀ ਸੁਹਿਰਦ ਹ੍ਰਿਦੇ ਵਾਲਾ ਸੱਜਣ ਉਨ੍ਹਾਂ ਪ੍ਰਤੀ ਸੁਚੇਤ ਕਰਵਾਵੇਗਾ, ਮੈਂ ਉਸਦਾ ਬੇਹੱਦ ਸ਼ੁਕਰਗੁਜਾਰ ਹੋਵਾਗਾ", ਤੋਂ ਪ੍ਰਭਾਵਿਤ ਹੋ ਕੇ ਇਸ ਪੱਤਰ ਰਾਹੀ, ਤੁਹਾਡੇ ਧਿਆਨ ਵਿੱਚਚ ਇਕ ਨੁਕਤਾ ਲਿਆਉਣਾ ਚਾਹੁੰਦਾ ਹਾਂ।

ਭਾਵੇਂ ਤਤਕਰਾ ਪੜ੍ਹਦੇ ਸਾਰ ਹੀ ਪਤਾ ਲੱਗ ਗਿਆ ਸੀ ਕਿ, ਇਸ ਕਿਤਾਬ ਵਿੱਚ ਕਿਹੜੇ-ਕਿਹੜੇ ਵਿਸ਼ਿਆਂ ਨੂੰ ਛੋਹਿਆ ਗਿਆ ਹੈ।

ਪਰ ਮੇਰੀ ਦਿਲਚਸਪੀ ਕਿਤਾਬ ਦੇ ਸਿਰਲੇਖ "ਗੁਰੂ ਸਾਹਿਬ ਜੀ ਵੱਲੋਂ ਸਥਾਪਤ ਕੀਤੇ ਮੂਲ ਸਿੱਖ ਕੈਲੰਡਰ" ਮੁਤਾਬਕ ਗੁਰੂ ਸਾਹਿਬ ਜੀ ਵੱਲੋਂ ਸੋਧੇ ਅਤੇ ਪਰਵਾਨੇ ਗਏ ਕੈਲੰਡਰ ਵਿੱਚ ਸੀ। ਜਿਸ ਬਾਰੇ ਮੈਂ ਪਿਛਲੇ ਕਈ ਸਾਲਾਂ ਤੋਂ ਪੜਦਾ/ਸੁਣਦਾ ਆ ਰਿਹਾ ਹਾਂ ਪਰ, ਇਸ ਬਾਰੇ ਕੋਈ ਜਾਕਣਾਰੀ ਨਹੀਂ ਸੀ ਮਿਲੀ। ਤੁਹਾਡੀ ਕਿਤਾਬ ਦੇ ਸੋਧਕ ਅਨੁਰਾਗ ਸਿੰਘ, ਅਕਸਰ ਆਪਣੀਆਂ ਪੋਸਟਾਂ ਵਿੱਚ ਗੁਰੂ ਸਾਹਿਬ ਜੀ ਵੱਲੋਂ ਬਣਾਏ/ਅਪਣਾਏ ਅਤੇ ਸੋਧੇ ਗਏ ਮੂਲ ਸਿੱਖ ਕੈਲੰਡਰ ਦਾ ਜਿਕਰ ਕਰਦੇ ਰਹਿੰਦੇ ਹਨ। ਜੁਲਾਈ 2017 ਤੋਂ ਮੇਰਾ ਵੀ ਉਨ੍ਹਾ ਨਾਲ ਵਾਹ-ਵਾਸਤਾ ਰਿਹਾ ਹੈ।

ਮੈਂ ਉਨ੍ਹਾ ਨੂੰ ਵੀ ਬੇਨਤੀ ਕੀਤੀ ਸੀ ਕਿ ਗੁਰੂ ਸਾਹਿਬ ਜੀ ਵੱਲੋ ਸੋਧੇ ਅਤੇ ਪ੍ਰਵਾਨ ਕੀਤੇ ਗਏ ਕੈਲੰਡਰ ਨੂੰ ਸੰਗਤਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾਵੇ। ਪਰ ਉਸ ਨੇ ਅਜੇਹਾ ਨਹੀਂ ਕੀਤਾ।

ਪਿਛਲੇ ਦੋ-ਢਾਈ ਸਾਲ ਤੋਂ ਕਿਤਾਬ ਲਿਖਣ/ ਛਪਣ ਦਾ ਜਿਕਰ ਚਲਦਾ ਰਿਹਾ, ਤਾਂ ਮੈਂ ਸੋਚਿਆ ਕਿ ਅਨੁਰਾਗ ਸਿੰਘ ਇਸੇ ਲਈ "ਗੁਰੂ ਸਾਹਿਬ ਜੀ ਵੱਲੋਂ ਪ੍ਰਵਾਨ ਮੂਲ ਸਿੱਖ ਕੈਲੰਡਰ" ਸਾਂਝਾ ਨਹੀਂ ਕਰਦਾ ਕਿ ਕਿਤਾਬ ਵਿੱਚ ਹੀ ਸੰਗਤਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਹੁਣ ਕਿਤਾਬ ਵੀ ਛਪ ਗਈ ਹੈ। ਆਸ ਸੀ ਕਿ ਇਸ ਕਿਤਾਬ'ਚ ਗੁਰੂ ਸਾਹਿਬ ਜੀ ਵੱਲੋਂ ਬਣਾਏ/ਅਪਣਾਏ ਸੋਧੇ ਹੋਏ ਕੈਲੰਡਰ ਬਾਰੇ ਜਾਣਕਾਰੀ ਹਾਸਲ ਹੋਵੇਗੀ। ਤੁਹਾਡੀ ਕਿਤਾਬ ਦਾ ਨਾਮ ਵੀ "ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ" ਹੀ ਹੈ। ਇਸ ਕਿਤਾਬ ਵਿੱਚ ਵੀ "ਮੂਲ ਸਿੱਖ ਕੈਲੰਡਰ" ਦਾ ਜਿਕਰ ਹੈ,

"ਗੁਰੂ ਸਾਹਿਬਾਂ ਵੱਲੋਂ ਅਪਣਾਏ, ਸੋਧੇ ਅਤੇ ਵਰਤੇ ਬਿਕ੍ਰਮੀ ਕੈਲੰਡਰ ਦੀਆਂ ਤਿੱਥਾਂ ਸੁਦੀ-ਵਦੀ ਵਿੱਚ ਹਨ" (ਪੰਨਾ 17)

"ਪਾਲ ਸਿੰਘ ਪੁਰੇਵਾਲ ਦੀ ਮਿਸ਼ਰਤ ਜੰਤਰੀ ਤੋਂ ਪਹਿਲਾਂ ਸਿੱਖਾਂ ਦਾ ਮੂਲ ਸਿੱਖ ਕੈਲੰਡਰ ਸੀ ਜਿਸ ਦਾ ਜਿਕਰ ਝੋਹਨ ਭੋਕਏਰ ਇਸ ਤਰ੍ਹਾਂ ਕਰਦੇ ਹਨ: "The Sikh Religious Calendar is a modified form of the Bikarami Calendar". (ਪੰਨਾ 19)

ਗੁਰਚਰਨ ਸਿੰਘ ਜੀ, ਹੈਰਾਨੀ ਦੀ ਗੱਲ ਹੈ ਕਿ ਤੁਹਾਡੀ ਕਿਤਾਬ ਪੜ੍ਹ ਕੇ ਵੀ ਨਿਰਾਸ਼ਾ ਹੀ ਪੱਲੇ ਪਈ ਹੈ। ਇਸ ਵਿੱਚੋਂ ਵੀ ਗੁਰੂ ਸਾਹਿਬ ਜੀ ਵੱਲੋਂ ਬਣਾਏ/ਅਪਣਾਏ ਸੋਧੇ ਹੋਏ "ਮੂਲ ਸਿੱਖ ਕੈਲੰਡਰ" ਬਾਰੇ ਜਾਣਕਾਰੀ ਨਹੀ ਮਿਲੀ।

ਇਸ ਦਾ ਕੀ ਕਾਰਨ ਹੈ, ਆਪ ਜੀ ਕਿਤਾਬ ਛਾਪਣ ਵੇਲੇ ਇਹ ਅਣਗਹਿਲੀ ਕਿਵੇਂ ਕਰ ਗਏ? ਕੀ ਆਪ ਦੇ ਸਲਾਹਕਾਰਾਂ ਨੇ ਜਾਂ ਜਿਨ੍ਹਾਂ ਨੂੰ ਆਪ ਨੇ ਇਹ ਕਿਤਾਬ ਸਮਰਪਣ ਕੀਤੀ ਹੈ, ਕਿਸੇ ਨੇ ਵੀ ਤੁਹਾਡਾ ਧਿਆਨ ਇਸ ਪਾਸੇ ਨਹੀਂ ਦਿਵਾਇਆ?

ਤੁਸੀਂ ਆਪਣੀ ਕਿਤਾਬ ਦਾ ਜੋ ਨਾਮ ਰੱਖਿਆ ਹੈ, "ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ", ਉਹ ਵਿਸ਼ਾ ਹੀ ਕਿਤਾਬ ਵਿੱਚ ਸ਼ਾਮਿਲ ਨਹੀਂ ਕੀਤਾ। ਇਹ ਆਮ-ਸਧਾਰਨ ਉਕਾਈ ਤਾਂ ਨਹੀਂ ਮੰਨੀ ਜਾ ਸਕਦੀ।

ਪਾਠਕ ਨੇ ਤਾਂ ਕਿਤਾਬ ਦਾ ਨਾਮ "ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ", ਵੇਖ ਕੇ ਹੀ ਕਿਤਾਬ ਖਰੀਦਣੀ ਹੈ (350 ਰ:) ।

ਪਰ ਕਿਤਾਬ ਉੱਪਰ ਛਪੇ ਕਿਤਾਬ ਦੇ ਨਾਮ ਨਾਲ ਸਬੰਧਿਤ ਵਿਸ਼ਾ ਹੀ ਕਿਤਾਬ ਵਿੱਚ ਨਾ ਹੋਵੇ ਤਾਂ ਪਾਠਕ ਤੁਹਾਡੇ ਬਾਰੇ ਕੀ ਸੋਚੇਗਾ?

ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਹੈ ਕਿ ਸਾਡੇ ਪਾਸ ਗੁਰੂ ਸਾਹਿਬ ਜੀ ਵੱਲੋਂ ਸੋਧਿਆ ਅਤੇ ਪ੍ਰਵਾਣਿਤ ਕੈਲੰਡਰ ਹੋਣ ਦੇ ਬਾਵਜੂਦ ਵੀ ਅਸੀਂ ਭਟਕਦੇ ਫਿਰਦੇ ਹਾਂ। ਤੁਹਾਡੇ ਉਸਤਾਦ (ਅਨੁਰਾਗ ਸਿੰਘ ਅਤੇ ਕਰਨਲ ਸੁਰਜੀਤ ਸਿੰਘ ਨਿਸ਼ਾਨ), ਜਿਹੜੇ 1999 ਤੋਂ ਕੈਲੰਡਰ ਸਬੰਧੀ ਮੀਟਿੰਗਾਂ ਵਿੱਚ ਸ਼ਾਮਿਲ ਹੁੰਦੇ ਰਹੇ ਹਨ, ਸਭ ਕੁਝ ਜਾਣਦੇ ਹੋਏ ਵੀ "ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ" ਨੂੰ ਦੱਬੀ ਕਿਉਂ ਬੈਠੇ ਹਨ? ਇਨ੍ਹਾਂ ਨੇ ਅੱਜ ਤੋਂ ਦੋ ਦਹਾਕੇ ਪਹਿਲਾ, ਗੁਰੂ ਸਾਹਿਬ ਜੀ ਵੱਲੋਂ ਸੋਧਿਆ ਹੋਇਆ ਕੈਲੰਡਰ ਕੈਲੰਡਰ ਪੇਸ਼ ਕਿਉ ਨਹੀਂ ਕੀਤਾ?

ਕੀ ਇਹ ਕੈਲੰਡਰ ਉਦੋਂ ਇਨ੍ਹਾਂ ਪਾਸ ਨਹੀ ਸੀ? ਗੁਰੂ ਸਾਹਿਬ ਜੀ ਵੱਲੋਂ ਸੋਧੇ ਹੋਏ ਕੈਲੰਡਰ ਦੀ, ਤੁਹਾਡੇ ਉਸਤਾਤ ਨੇ ਕਦੋਂ ਖੋਜ ਕੀਤੀ ਹੈ?

ਗੁਰਚਰਨ ਸਿੰਘ ਜੀ, ਕੋਈ ਗੱਲ ਨਹੀਂ, ਅਜੇ ਵੀ ਕੁਝ ਨਹੀਂ ਵਿਗੜਿਆ।




ਜੇ ਤੁਹਾਡੇ ਪੱਲੇ ਸੱਚ ਹੈ ਤਾਂ, ਗੁਰੂ ਸਾਹਿਬ ਜੀ ਵੱਲੋਂ ਸੋਧੇ ਕੇ ਲਾਗੂ ਕੀਤੇ ਗਏ 'ਮੂਲ ਸਿੱਖ ਕੈਲੰਡਰ' ਬਾਰੇ ਜਾਣਕਾਰੀ ਸਾਂਝੀ ਕਰਕੇ, ਹੁਣ ਵੀ ਗਲਤੀ ਸੁਧਾਰੀ ਜਾ ਸਕਦੀ ਹੈ।

ਗੁਰੂ ਕਾਲ (1526 ਬਿ:- 1765 ਬਿ:) ਤੋਂ ਪਹਿਲਾ, ਪ੍ਰਚੱਲਤ ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਕੈਲੰਡਰ ਵਿੱਚ, ਗੁਰੂ ਸਾਹਿਬ ਜੀ ਵੱਲੋਂ ਕਿਹੜੀਆਂ-ਕਿਹੜੀਆਂ ਸੋਧਾਂ ਕੀਤੀਆਂ ਗਈਆਂ ਸਨ?

ਸੋਧੇ ਹੋਏ ਕੈਲੰਡਰ ਦੇ ਸਾਲ ਦਾ ਆਰੰਭ, ਸਾਲ ਦੀ ਲੰਬਾਈ, ਮਹੀਨਿਆਂ ਦੀ ਤਰਤੀਬ, ਮਹੀਨੇ ਦਾ ਆਰੰਭ, ਦਿਨਾਂ ਦੀ ਗਿਣਤੀ ਆਦਿ, ਇਹ ਕੈਲੰਡਰ ਕਦੋਂ ਤਾਈ ਆਪਣੇ ਲਾਗੂ ਰਿਹਾ, ਸ਼੍ਰੋਮਣੀ ਕਮੇਟੀ ਵੱਲੋਂ ਉਸ ਕੈਲੰਡਰ ਨੂੰ ਕਦੋਂ ਅਤੇ ਕਿਉਂ ਤਿਆਗਿਆ ਗਿਆ?

ਮੈਨੂੰ ਪੂਰੀ ਆਸ ਹੈ ਕਿ ਤੁਹਾਡੇ ਉਸਤਾਦ ਦੀ ਲਾਇਬਰੇਰੀ ਵਿੱਚ ਗੁਰੂ ਸਾਹਿਬਾਂ ਵੱਲੋਂ ਸੋਧ ਕੇ ਲਾਗੂ ਕੀਤੇ ਗਏ 'ਮੂਲ ਸਿੱਖ ਕੈਲੰਡਰ' ਦੀ ਪੁਰਾਣੀ ਕਾਪੀ ਜਰੂਰ ਹੋਵੇਗੀ।

ਉਸ ਦੀ ਫ਼ੋਟੋ ਕਾਪੀ ਸਾਂਝੀ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਤਾਂ ਜੋ ਉਸ ਉੱਪਰ ਵਿਚਾਰ ਕਰਕੇ ਕਿਸੇ ਸਰਬ ਪ੍ਰਮਾਣਿਤ ਨਤੀਜੇ ਤੇ ਪੁੱਜਿਆ ਜਾ ਸਕੇ।

**-ਧੰਨਵਾਦ ਸਰਵਜੀਤ ਸਿੰਘ ਸੈਕਰਾਮੈਂਟੋ**
**4 ਦਸੰਬਰ, 2023**

**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ
ਸਾਡੇ ਕੋਲ ਪ੍ਰੋਫ਼ੈਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

TRIAL LAWYERS
MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca



Mandeep Randhawa,
*B.Sc., L.L.B (UBC)*

# ਭਾਰਤ ਨੇ ਬ੍ਰਿਟਿਸ਼ ਧਰਤੀ ‘ਤੇ ਕੈਰੇਬੀਅਨ ਵਿੱਚ ਹੀਰਾ ਕਾਰੋਬਾਰੀ ਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚੀ:ਯੂਕੇ ਪੇਪਰ



ਲੰਡਨ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਦਾ ਕੱਟੜਵਾਦੀ ਰਾਜ ਨਾ ਸਿਰਫ਼ ਮੁਸਲਮਾਨਾਂ ਅਤੇ ਹੋਰ ਘੱਟ-ਗਿਣਤੀਆਂ ਲਈ ਸਗੋਂ ਵਿਦੇਸ਼ਾਂ ਵਿਚ ਰਹਿੰਦੇ ਆਪਣੇ ਵਿਰੋਧੀਆਂ ਲਈ ਵੀ ਗੰਭੀਰ ਰੂਪ ਵਿਚ ਖ਼ਤਰਨਾਕ ਹੁੰਦਾ ਜਾ ਰਿਹਾ ਹੈ। ਮੀਡੀਆ ਅਨੁਸਾਰ ਕੈਨੇਡਾ ਵਿੱਚ ਇੱਕ ਸਿੱਖ ਆਗੂ ਦੀ ਹੱਤਿਆ ਅਤੇ ਅਮਰੀਕਾ ਵਿੱਚ ਇੱਕ ਹੋਰ ਨੂੰ ਮਾਰਨ ਦੀ ਸਾਜ਼ਿਸ਼ ਰਚਣ ਤੋਂ ਬਾਅਦ ਹੁਣ ਇੱਕ ਹੋਰ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ ਹੈ ਜਿਸ ਵਿੱਚ ਬਰਤਾਨੀਆ ਵਿੱਚ ਭਾਰਤ ਦੇ ਵਿਸ਼ੇਸ਼ ਰਾਜਦੂਤ ਨੇ ਭਾਰਤੀ ਰਾਜ ਦੇ ਇਸ਼ਾਰੇ ‘ਤੇ ਕੈਰੇਬੀਅਨ ਵਿੱਚ ਇੱਕ ਹੀਰਾ ਕਾਰੋਬਾਰੀ ਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚੀ ਸੀ। ਬ੍ਰਿਟੇਨ ਦੇ ਅਖਬਾਰ ਡੇਲੀ ਮੇਲ ਦੇ ਮੁਤਾਬਕ, ਗੁਰਦੀਪ ਬਾਠ ਨੇ ਕਥਿਤ ਤੌਰ ‘ਤੇ ਬ੍ਰਿਟਿਸ਼ ਧਰਤੀ ‘ਤੇ ਅਸਾਧਾਰਨ ਯੋਜਨਾ ਬਣਾਈ ਸੀ। ਐਂਟੀਗੁਆ ਵਿੱਚ ਇੱਕ ਅਦਾਲਤ ਦੇ ਦਾਅਵੇ ਅਨੁਸਾਰ, ਭਾਰਤ ਵਿੱਚ ਜਨਮੇ ਮਿਸਟਰ ਗੁਰਦੀਪ ਬਾਠ, ਜੋ ਰਿਟਜ਼ ਦੇ ਨੇੜੇ 8 ਮਿਲੀਅਨ ਪੌਂਡ ਦੇ ਮਹਿਲ ਵਿੱਚ ਰਹਿੰਦਾ ਹੈ, ਉੱਤੇ ਦੋਸ਼ ਹੈ ਕਿ ਉਸਨੇ ਦਿੱਲੀ ਦੇ ਆਦੇਸ਼ਾਂ ਉੱਤੇ ਮੇਹੁਲ ਚੋਕਸੀ ਨੂੰ ਹਨੀਟ੍ਰੈਪ ਵਿੱਚ ਫਸਾ ਕੇ ਅਗਵਾ ਕਰਨ ਲਈ ਲੰਡਨ ਤੋਂ ਐਂਟੀਗੁਆ ਲਈ ਇੱਕ ਗਰੋਹ ਨਾਲ ਉਡਾਣ ਭਰਨ ਦਾ ਦੋਸ਼ ਹੈ। ਮਿਸਟਰ ਬਾਠ ਅਤੇ ਉਸਦੇ ਕਥਿਤ ਸਾਥੀਆਂ ‘ਤੇ ਦੋਸ਼ ਹੈ ਕਿ ਉਨ੍ਹਾਂ ਨੇ ਸ਼ਾਨਦਾਰ ਲੰਡਨ-ਅਧਾਰਤ ਜਾਇਦਾਦਾਂ ਖਰੀਦਣ ਤੇ ਵੇਚਣ ਵਾਲੇ ਬਾਰਬਰਾ ਜਾਰਾਬਿਕ ਨੂੰ ਮਿਸਟਰ ਚੋਕਸੀ ਨੂੰ ਐਂਟੀਗੁਆ ਵਿੱਚ ਉਸਦੇ ਘਰ ਦੇ ਨੇੜੇ ਇੱਕ ਅਪਾਰਟਮੈਂਟ ਵਿੱਚ ਲਿਆਉਂਣ ਲਈ ਸੈਟਅੱਪ ਕੀਤਾ ਸੀ। ਉੱਥੇ, ਸ਼੍ਰੀ ਚੋਸਕੀ ਦੁਆਰਾ ਦਾਇਰ ਕੀਤੇ ਗਏ ਅਦਾਲਤੀ ਦਾਅਵੇ ਦੇ ਅਨੁਸਾਰ, ਪੁਲਿਸ ਹੋਣ ਦਾ ਦਾਅਵਾ ਕਰਨ ਵਾਲੇ ਠੱਗਾਂ ਦੁਆਰਾ ਉਸਨੂੰ ਕੁੱਟਿਆ ਗਿਆ ਸੀ।

ਗਹਿਣਿਆਂ ਦੇ ਡੀਲਰ, 64, ਦਾ ਕਹਿਣਾ ਹੈ ਕਿ ਉਸ ਨੂੰ ਕੁੱਟਿਆ ਗਿਆ, ਟੇਸਰ ਕੀਤਾ ਗਿਆ, ਵ੍ਹੀਲਚੇਅਰ ‘ਤੇ ਬੰਨ੍ਹਿਆ ਗਿਆ ਅਤੇ ਡੋਮਿਨਿਕਾ ਜਾਣ ਵਾਲੀ ਕਿਸ਼ਤੀ ‘ਤੇ ਲੱਦ ਦਿੱਤਾ ਗਿਆ।


## Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)


# ਵਿਦੇਸ਼ੀ ਸਿੱਖਾਂ ਵਿਰੁੱਧ ਸ਼ਾਜਿਸ਼ ਭਾਰਤ ਨੂੰ ਮਹਿੰਗੀ ਪਏਗੀ

ਕੈਨੇਡਾ, ਅਮਰੀਕਾ ਤੇ ਭਾਰਤ ਵਿਚਕਾਰ ਸਥਿਤੀ ਤਣਾਅ-ਪੂਰਨ ਤੋਂ ਹੁਣ ਅੱਗੇ ਨਿਕਲ ਰਹੀ ਹੈ ਕਿਉਂਕਿ ਅਮਰੀਕਾ ਨੇ ਜਿਹੜਾ ਸਖ਼ਤ ਕਦਮ ਭਾਰਤ ਵਿਰੁਧ ਚੁਕਿਆ ਹੈ, ਭਾਰਤ ਉਸ ਨਾਲ ਕੈਨੇਡਾ ਵਾਲਾ ਵਿਹਾਰ ਨਹੀਂ ਕਰ ਸਕਦਾ। ਭਾਰਤ , ਕੈਨੇਡਾ ਨਾਲ ਤਾਂ ਰਿਸ਼ਤੇ ਤੋੜਨ ਦਾ ਕਦਮ ਚੁਕ ਸਕਦਾ ਹੈ ਪਰ ਅਮਰੀਕਾ ਇਕ ਅਜਿਹੀ ਤਾਕਤ ਹੈ ਜਿਸ ਸਾਹਮਣੇ ਅਸੀ ਚੁੱਪ ਹੋ ਕੇ ਰਹਿ ਗਏ ਹਾਂ। ਹੁਣ ਜੋ ਜੋ ਤੱਥ ਅਮਰੀਕਾ ਨੇ ਨਿੱਜਰ ਕਤਲ ਕਾਂਡ ਬਾਰੇ ਸਾਂਝੇ ਕੀਤੇ ਹਨ, ਉਨ੍ਹਾਂ ਬਾਰੇ ਭਾਰਤ ਨੇ ਆਖ ਤਾਂ ਦਿਤਾ ਹੈ ਕਿ ਅਸੀ ਜਾਂਚ ਕਰਾਂਗੇ ਪਰ ਗੱਲ ਏਨੇ ਨਾਲ ਹੀ ਖ਼ਤਮ ਨਹੀਂ ਹੋ ਜਾਵੇਗੀ। ਨਿਖਿਲ ਗੁਪਤਾ, ਜਿਸ ਸ਼ਖ਼ਸ ਦਾ ਨਾਮ ਅਮਰੀਕੀ ਜਾਂਚ ਏਜੰਸੀ ਨੇ ਚਾਰਜਸ਼ੀਟ ਵਿਚ ਪਾਇਐ, ਅਗਲੇ 20 ਸਾਲ ਲਈ ਜੇਲ ਵਿਚ ਜਾ ਸਕਦਾ ਹੈ। ਉਸ ਦਾ ਕਸੂਰ ਇਹ ਨਹੀਂ ਕਿ ਉਸ ਨੇ ਇਹ ਕਤਲ ਕੀਤਾ ਬਲਕਿ ਇਹ ਹੈ ਕਿ ਉਹ ਫੜਿਆ ਗਿਆ। ਲੋਕ ਭਾਵੇਂ ਸਰਕਾਰਾਂ ਖ਼ਾਤਰ ਕਤਲ ਦਾ ਪ੍ਰਬੰਧ ਕਰਦੇ ਹਨ ਪਰ ਫੜੇ ਜਾਣ ’ਤੇ ਸਰਕਾਰਾਂ ਹੱਥ ਪਿੱਛੇ ਖਿੱਚ ਲੈਂਦੀਆਂ ਹਨ। ਕਿੰਨੇ ਹੀ ਅਮਰੀਕੀ ਭਾੜੇ ਦੇ ਕਾਤਲ, ਵਿਦੇਸ਼ੀ ਜੇਲਾਂ ਵਿਚ ਜ਼ਿੰਦਗੀ ਬਿਤਾ ਰਹੇ ਹਨ। ਭਾਰਤ ਨੇ ਵੀ ਛੋਟੇ ਦੇਸ਼ਾਂ ਲਈ ਇਹੀ ਨੀਤੀ ਬਣਾਈ ਹੋਈ ਹੈ ਪਰ ਇਹ ਸ਼ਾਇਦ ਪਹਿਲੀ ਵਾਰ ਹੈ ਕਿ ਅਮਰੀਕਾ-ਕੈਨੇਡਾ ਵਿਚ ਲਾਗੂ ਕਰਨ ਦੀ ਹਿੰਮਤ ਕੀਤੀ ਪਰ ਵੱਡੀਆਂ ਤਾਕਤਾਂ ਨੇ ਵੀ ਝੱਟ ਦਸ ਦਿਤਾ ਕਿ ਦੇਸ਼ਾਂ ਦੀ ਦੋਸਤੀ ਵੱਡੀਆਂ ਤਾਕਤਾਂ ਦੇ ਫ਼ਾਇਦੇ ਵਾਸਤੇ ਹੁੰਦੀ ਹੈ, ਅਪਣੇ ਆਪ ਨੂੰ ਕਿਤੇ ਬਰਾਬਰ ਦੀ ਤਾਕਤ ਸਮਝਣ ਦੀ ਗ਼ਲਤੀ ਨਾ ਕਰ ਬੈਠਣਾ। ਇਹ ਤਾਂ ਸਰਕਾਰਾਂ ਦੀ ਕੂਟਨੀਤੀ ਹੈ ਪਰ ਸਵਾਲ ਪੰਜਾਬ ਤੇ ਸਿੱਖਾਂ ਵਾਸਤੇ ਇਹ ਹੈ ਕਿ ਇਸ ਦਾ ਅਸਰ ਸਾਡੇ ’ਤੇ ਕੀ ਪਵੇਗਾ? ਜਦ ਇਹ ਨੀਤੀ ਬਣਾਈ ਗਈ ਤਾਂ ਪੰਜਾਬ ਦਾ ਪੱਖ ਰੱਖਣ ਵਾਲੇ ਕਿਹੜੇ ਦਿਮਾਗ਼ ਸਨ? ਤੇ ਕਿਉਂ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਾਲਿਸਤਾਨ ਦੇ ਮੁੱਦੇ ਨੂੰ ਸੁਲਝਾ ਨਹੀਂ ਪਾ ਰਹੀਆਂ? ਸਿਆਸਤਦਾਨ ਤਾਂ ਪੰਜ ਸਾਲਾਂ ਵਾਸਤੇ ਆਉਂਦੇ ਹਨ ਪਰ ਨੀਤੀਕਾਰ ਜਿਨ੍ਹਾਂ ਨੇ ਸਲਾਹ ਦੇਣੀ ਹੁੰਦੀ ਹੈ, ਰਣਨੀਤੀਆਂ ਪੇਸ਼ ਕਰਨੀਆਂ ਹੁੰਦੀਆਂ ਹਨ, ਉਹ ਤਾਂ ਉਮਰਾਂ ਇਹੋ ਜਿਹੇ ਇਕ ਮੁੱਦੇ ਦਾ ਹੱਲ ਲੱਭਣ ਲਈ ਲਗਾ ਦੇਂਦੇ ਹਨ।

ਅੱਜ ਹਾਲਾਤ ਹੀ ਅਜਿਹੇ ਬਣ ਚੁਕੇ ਹਨ ਕਿ ਪੰਜਾਬ ਵਿਚ ਬੈਠੇ ਸਿੱਖ ਤੇ ਸਿੱਖ ਸੰਸਥਾਵਾਂ ਖੁਲ੍ਹ ਕੇ ਇਸ ਬਾਰੇ ਵਿਚਾਰ ਸਾਂਝੇ ਹੀ ਨਹੀਂ ਕਰ ਪਾ ਰਹੇ। ਜੇ ਅੱਜ ਵੀ ਇਸ ਮੁੱਦੇ ’ਤੇ ਗੱਲ ਕਰਨ ਦਾ ਸਾਹਸ ਨਾ ਕੀਤਾ ਗਿਆ ਤਾਂ ਜਦ ਵੀ ਕਦੇ ਪੰਜਾਬ ਪ੍ਰਤੀ ਹਾਕਮ ਲੋਕ ਕੋਈ ਜ਼ਿਆਦਤੀ ਵਾਲੀ ਗੱਲ ਕਰਨਗੇ ਤਾਂ ਇਹ ਵਤੀਰਾ ਟੁਟੇ ਹੋਏ ਦਿਲਾਂ ਨੂੰ ਵੱਖਵਾਦ ਵਲ ਹੀ ਲੈ ਕੇ ਜਾਵੇਗਾ। ਜਦ ਗੱਲ ਕਰਨ ਲਈ ਬੈਠਿਆ ਜਾਵੇਗਾ ਤਾਂ ਮੁੱਦੇ ਪਾਣੀ, ਰਾਜਧਾਨੀ, ਧਾਰਮਕ ਆਜ਼ਾਦੀ, ਨਿਆਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਹੀ ਹੋਣਗੇ ਤੇ ਜੇ ਇਹ ਸੁਲਝਾ ਦਿਤੇ ਜਾਣ ਤਾਂ ਜ਼ਖ਼ਮ ਭਰੇ ਜਾਣਗੇ ਤੇ ਦੇਸ਼ ਵਿਰੁਧ ਆਵਾਜ਼ਾਂ ਬੰਦ ਹੋ ਜਾਣਗੀਆਂ। ਪਰ ਅੱਜ ਦੀ ਸਥਿਤੀ ਵਿਚ ਭਾਰਤ ਦੀ ਕੂਟਨੀਤੀ ਨਹੀਂ ਹਾਰੀ ਬਲਕਿ ਦਿੱਲੀ ਤੇ ਪੰਜਾਬ ਵਿਚ ਦੂਰੀਆਂ ਵਧੀਆਂ ਹਨ ਤੇ ਖ਼ਮਿਆਜ਼ਾ ਫਿਰ ਪੰਜਾਬ ਨੂੰ ਹੀ ਭੁਗਤਣਾ ਪਵੇਗਾ। - ਨਿਮਰਤ ਕੌਰ


Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455

#201-13049 76th Avenue, Surrey BC V3W2V7
www.rainalaw.com Email : craina@rainalaw.com

# ਰਿਸ਼ਤਿਆਂ ਵਿਚਲੀ ਖੂਬਸੂਰਤੀ



ਗੁਰਦੇਵ ਸਿੰਘ ਸੱਧੇਵਾਲੀਆ

ਰਿਸ਼ਤੇ ਤਾਂ ਰਹਿ ਗਏ ਪਰ ਖੂਬਸੂਰਤੀ ਜਾਂਦੀ ਲਗੀ ਯਾਣੀ ਭੌਰ ਉਡ ਗਿਆ ਕਲਬੂਤ ਬਾਕੀ ਬਚਿਆ ਅਤੇ ਬਹੁਤਾ ਸੰਸਾਰ ਲਾਸ਼ਾਂ ਹੀ ਮੋਢਿਆਂ ਉਪਰ ਰਖ ਧੂਹੀ ਫਿਰ ਰਿਹਾ ਅਤੇ ਜਿਸ ਨੂੰ ਜਿੰਨੀ ਕੁ ਲੋੜ ਹੁੰਦੀ ਓਨਾ ਕੁ ਚੁਕੀ ਰਖਦਾ ਬਾਕੀ ਦਾ ਵਢ ਟੁਕ ਕੇ ਸੁਟ ਦਿੰਦਾ ਯਣੀ 'ਕੋਈ ਯਹਾਂ ਕੋਈ ਵਹਾਂ ਗਿਰਾ' ਤਰਾਂ ।

ਕੁਝ ਭਾਰ ਮੂੰਹ ਮੁਲਾਜਹੇ ਦੇ ਪੁਰਾਣੇ ਸਮਾਨ ਤਰਾਂ ਚੁਖ ਰਖਦਾ ਕਿ ਚਲ ਕਿਤੇ ਕੰਮ ਹੀ ਆ ਜਾਂਦਾ।

ਇਓਂ ਹਰੇਕ ਨੇ ਪੁਰਾਣੇ ਅਤੇ ਖਸਤਾ ਸਮਾਨ ਤਰਾਂ ਆਵਦੇ ਆਵਦੇ ਫੋਨਾਂ ਦੀਆਂ ਕੋਠੜੀਆਂ ਭਰੀਆਂ ਵੀਆਂ।

ਫੋਨਾਂ ਦੀਆਂ ਇਨਾ ਹਨੇਰ ਕੋਠੜੀਆਂ ਵਿਚ ਫਿਰਦਿਆਂ ਕਦੇ ਕੁਝ ਪੈਰ ਹੇਠ ਆ ਜਾਂਦਾ ਕਦੇ ਕੋਈ ਅਤੇ ਬੰਦਾ ਲੋੜ ਜਿਹੇ ਵਾਲੀ ਚੀਜ 'ਫੇਵਰਟ' ਵਾਲੀ ਕੋਠੜੀ ਵਿਚ ਧਰ ਲੈਂਦਾ ਬਾਕੀ ਓਂ ਈ ਪੈਰਾਂ ਵਿਚ ਵਜਦੀ ਰਹਿਣ ਦਿੰਦਾ।

ਉਂਝ ਬੰਦੇ ਨੂੰ ਪਤਾ ਸਾਰਾ ਹੁੰਦਾ ਮੇਰਾ 'ਸਮਾਨ' ਕਿਹੜਾ ਕਿਹੜਾ ਕਿਥੇ ਕਿਥੇ ਪਿਆ ਪਰ ਜਦ ਲੋੜ ਹੀ ਨਹੀ ਐਵੇਂ ਕਢ ਕਢ ਝਾੜਦਾ ਫਿਰੇ।

ਕਈ ਵਾਰੀ ਸਾਫ ਸਫਾਈ ਕਰਦਿਆਂ ਬੰਦਾ ਸੁਟਣ ਲਗਦਾ ਕਿ ਕਿਹੜਾ ਵਰਤਣਾ ਐਵੇਂ ਈ ਥਾਂ ਮਲੀ ਪਰ ਫਿਰ ਰਖ ਲੈਂਦਾ ਕਿ ਕਿਤੇ ਸ਼ਾਇਦ।

ਕਈ ਰਿਸ਼ਤੇ ਬੰਦੇ ਨੇ ਮਾਈਆਂ ਦੇ ਓਨਾ ਸੂਟਾਂ ਤਰਾਂ ਐਵੇਂ ਈ ਸਾਂਭ ਰਖੇ ਕਿ ਚਲੋ ਪੈਣੇ ਤਾਂ ਹੈ ਨਹੀ ਦੇਣ ਲੈਣ ਦੇ ਕੰਮ ਆ ਜਾਣਗੇ ਯਾਣੀ ਭੀੜ ਕਰਨ ਦੇ।

ਰਿਸ਼ਤਿਆਂ ਵਿਚ ਤਾਂਘ ਰਹੀ ਨਾ ਉਡੀਕ। ਨਾ ਕਾਂ ਬੋਲਦਾ ਨਾ ਫਿਰਨੀ ਤੋਂ ਪਿੰਡ ਵਾਲੀ ਆਖਰੀ ਬਸ ਦੀ ਘੂਕ ਸੁਣਦੀ। ਚਾਅ ਰਿਹਾ ਨਾ ਮੁਬਹਤ।

ਤਾਜਪਨ, ਕੂਲਾਪਨ ਕਖ ਨਹੀ। ਫਰਿਜ ਵਿਚੋਂ ਕਢੋ ਅਤੇ ਵਰਤ ਲਓ ਬਚਦਾ ਰਿਸ਼ਤਾ ਫਿਰ ਫਰਿਜ ਵਿਚ। ਕਿਹੜਾ ਖਰਾਬ ਹੋਣਾ ਅਗਲੇ ਸਾਲ ਕਿਸੇ ਕਾਕੇ ਕਾਕੀ ਦੇ ਵਿਆਹ ਤੇ ਫਿਰ ਕਢ ਲਾਂਗੇ। ਚੀਨ ਦੀ ਪੱਕੀ ਡੋਰ ਵਰਗੇ ਰਿਸ਼ਤੇ ਨਹੀ ਕਿ ਗਲ ਤਾਂ ਵਢ ਹੋ ਜੇ ਪਰ ਟੁਟਦੇ ਨਾ ਸਨ। ਹੁਣ ਤਾਂ ਹਾਲੇ ਪੂਣੀ ਕਤਣ ਲਈ ਬਾਂਹ ਵੀ ਨਹੀ ਉਲਾਰੀ ਹੁੰਦੀ ਕਿ ਕਚੀ ਤੰਦ ਤਰਾਂ ਵਿਚਾਲਿਓਂ ਲਥ ਕੇ ਔਹ ਜਾਂਦਾ।

ਸ਼ਾਮਿਆਨੇ ਲਗੇ ਹੀ ਰਹਿ ਜਾਂਦੇ, ਜਲੇਬੀਆਂ ਕਢਦੇ ਹਲਵਾਈ ਦੀ ਬਾਂਹ ਹਾਲੇ ਆਟੇ ਵਿਚ ਹੀ ਲਿਬੜੀ ਹੁੰਦੀ ਕਿ ਐਲਾਨ ਹੋ ਜਾਂਦਾ ਇਹ ਰਿਸ਼ਤਾ ਨਹੀ ਹੋਵੇਗਾ ਕੁੜੀ ਮੁੰਡੇ ਦੀ ਬਰੇਕ ਹੋ ਗਈ।

ਸਸਤੇ ਪਰ ਲਿਸ਼ਕਦੇ ਕਪੜਿਆਂ ਵਰਗੇ ਰਿਸ਼ਤੇ ਇਕ ਵਾਰ ਮਸ਼ੀਨ 'ਚ ਪਾਓ ਪਤਾ ਹੀ ਨਹੀ ਲਗਦਾ ਝਗਾ ਸੀ ਜਾਂ ਪੰਜਾਮਾ।

ਕੁੜੀ ਕਹਿੰਦੀ ਮੁੰਡੇ ਨੇ ਨਿਆਣੇ ਦਾ ਡਾਇਪਰ ਨਹੀ ਬਦਲਿਆ ਕਲ ਲੜਾਈ ਹੋ ਗਈ ਤਾਂ ਚਲੋ ਘਰੋ ਘਰ ਮੇਲਾ ਖਤਮ।

ਵਿਆਹ ਆਈਲੈਟ ਨਾਲ ਹੋਇਆ ਸੀ ਮਸਲੇ ਹਲ ਹੁਣ ਅਖੇ ਕੁੜੀ ਬੋਲਦੀ ਸੀ ਅਗਿਓਂ। ਦਸ ਪਹਿਲਾਂ ਹੀ ਗੁੰਗੀ ਲਭ ਲੈਂਦਾ। ਬੋਲਣ ਦੇ ਬੁਲਡੋਜਰ ਮਗਰ ਪਾ ਕੇ ਹੀ ਤਾਂ ਤੈਨੂੰ ਕਨੇਡਾ ਲਿਆਈ ਸੀ ਹੁਣ ਕਹਿੰਨਾ ਬੋਲੇ ਨਾ।

ਖੂਬਸੂਰਤੀ, ਵਫਾ, ਇਕ ਦੂਏ ਤੋਂ ਮਰ ਮਿਟਣ ਵਰਗਾ ਰਿਸ਼ਤਿਆਂ ਦਾ ਸੁਹਪਣ ਖਤਮ।

ਬੰਦਾ ਕਹਿੰਦਾ ਸੰਸਾਰ ਨੇੜੇ ਹੋ ਗਿਆ ਦਸੋ ਇਸ ਤੋਂ ਵਡਾ ਝੂਠ ਕੀ ਹੋ ਸਕਦਾ। ਗੋਡੇ ਨਾ ਗੋਡਾ ਲਾ ਕੇ ਬੈਠੇ ਮੀਆਂ ਬੀਵੀ ਨਹੀ ਇਕ ਦੂਏ ਨੂੰ ਲਭਦੇ ਨੇੜੇ ਸਵਾਹ ਹੋ ਗਿਆ।

ਰਿਸ਼ਤਿਆਂ ਦੇ ਜਦ ਦੇ ਨਾਂ ਵਿਗੜੇ ਰਿਸ਼ਤਿਆਂ ਵਿਚਲੀ ਮਹਿਕ ਵੀ ਜਾਂਦੀ ਲਗੀ।

ਪੰਜਾਬ ਵਿਚਲਾ ਕੋਈ ਰਿਸ਼ਤਾ ਜੀ ਤੋਂ ਬਿਨਾ ਅਧੂਰਾ ਸੀ ਪਰ ਹੁਣ ਦਾਦੂ ਚਾਚੂ ਨਾਨੂ ਤਾਊ ਭੂਈ ਦੀਦੀ ਸਿਸ ਜਾਂ ਬਰੋਅ ਵਿਚੋਂ ਕੀ ਲਭ ਲਓਂਗੇ। ਸੜੇ ਹੋਏ ਨਕਲੀ ਫੁਲਾਂ ਵਰਗਾ ਅਹਿਸਾਸ ਹੁੰਦਾ ਅਜਿਹੇ ਨਾਵਾਂ ਵਾਲੇ ਰਿਸ਼ਤਿਆਂ ਵਿਚੋਂ ਤਾਂ ਮਰ ਚੁਕੀ ਇਸ ਰਿਸ਼ਤਿਆਂ ਦੀ ਮਿਟੀ ਵਿਚੋਂ ਖੂਬਸੂਰਤੀ ਜਾਂ ਮਹਿਕ ਕਿਥੇ ਹੈ।


GTP MARVELOUS COLLEGE INC.

*IELTS
*CELPIP
*CLB

• Certified Translation Services
• Interview Preparation

ਅੰਗਰੇਜ਼ੀ ਬੋਲਣਾ ਸਿੱਖੋ

604-725-3340
778-895-3340
#207-7928-128St, Surrey (York Center)
Email:avirdi4@gmail.com
Web:englishisveryeasy.com





Prof. Avtar S. Virdi
(Director & Author)

ਹਰ ਤਰ੍ਹਾਂ ਦੇ ਟੈਕਸ ਦੇ ਪੇਪਰ ਭਰਵਾਉ

File Your Taxes

E-I, CPP, Old Age Pension, Personal Taxes

ਹਰ ਤਰ੍ਹਾਂ ਦੇ ਫਾਰਮ ਭਰਵਾਉਣ ਲਈ ਕਾਲ ਕਰੋ

CITIZENSHIP-PASSPORT-VISITOR VISA
PCC-MSP-PR CARD

Noris Virdi 604-446-0346

ਆਪਣੇ ਵਪਾਰ ਦੇ ਵਾਧੇ ਲਈ/ਵਿਆਹ ਦੇ ਰਿਸ਼ਤੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ:604-590-5200

UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.








Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion

ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987






*RESIDENTIAL *COMMERCIAL *INDUSTRIAL

• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi

Cell: 604-377-2641
Bus: 604-951-2909

Website:www.universalbuildingmaintenance.ca
Email:universalbuildingmaintenance01@gmail.com

ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

# ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।

**ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।**

- ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।
- ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।
- ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

**ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।**



BRITISH COLUMBIA

HealthyHabitsBC.ca

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

•ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
•ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
•ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
•ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
•LIVE FRESH ਕੁਕਿੰਗ •Excellent Food Presentation
•ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
•ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
•ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

***Top Quality  *Friendly Service  * On Time & Free Delivery**

ਲੋਕਾਂ ਦੀ ਪੁਰਜ਼ੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

**7743-128St Surrey, BC (Opposite to Subway)**




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













**Foam Mattress**



Single $99  Double $129  Queen $149

**Matresses**



Single $149.00  Double $249.00
Queen $299.00



ਗੌਦਰੇਜ
ਦੀ ਅਲਮਾਰੀ
ਕੀਮਤ
**$599.00**

**Paul Narwal & Patrick 604-503-4457 ਜਾਂ 236-868-1628**

# OZLA FURNITURE

OZLA

## ALL KINDS OF DESIGNER, MODERN AND CUSTOM FURNITURE































*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

**MADE IN CANADA**

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ। ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

**604-372-2122**

Email:info@ozla.ca

#109-18669 52 AVE SURREY, BC

www.ozla.ca

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*9 ਦਸੰਬਰ ਦਿਨ ਸ਼ਨਿਚਰਵਾਰ ਜੋਗਾ ਸਿੰਘ ਭੱਠਲ ਪਰਿਵਾਰ ਵੱਲੋਂ ਅਨੰਦ ਕਾਰਜ ਦੀ ਰਸਮ ਹੋਵੇਗੀ।

*9 ਦਸੰਬਰ ਦਿਨ ਸ਼ਨਿਚਰਵਾਰ ਬਲਵਿੰਦਰ ਸਿੰਘ ਬਰਾੜ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਸ਼ਾਮ ਦੇ ਲੰਗਰਾਂ ਦੀ ਸੇਵਾ ਹੋਵੇਗੀ।

*10 ਦਸੰਬਰ ਦਿਨ ਐਤਵਾਰ ਜਗਤਾਰ ਸਿੰਘ ਗਿੱਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*10 ਦਸੰਬਰ ਦਿਨ ਐਤਵਾਰ ਸੁੱਚਾ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਿੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਮਨਿੰਦਰਪਾਲ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ

*ਕਥਾ ਵਾਚਕ-ਭਾਈ ਹਰਜੀਤ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ)778-201-5310, ਭਾਈ ਬਲਵਿੰਦਰ ਸਿੰਘ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# ਨਰਿੰਦਰ ਸਿੰਘ ਕਪਾਨੀ:ਮੋਗਾ ਵਿੱਚ ਜੰਮਿਆ ਵਿਗਿਆਨੀ ਜਿਸਦੀ ਖੋਜ ਕਾਰਨ ਇੰਟਰਨੈੱਟ ਸੰਭਵ ਹੋਇਆ:ਸਿੱਖ ਵਿਗਿਆਨੀ ਅੰਦਰ 1984 ਵਿੱਚ ਦਰਬਾਰ ਸਾਹਿਬ ਉੱਪਰ ਹਮਲੇ ਅਤੇ ਸਿੱਖ ਨਸਲਕੁਸ਼ੀ ਦਾ ਗਹਿਰਾ ਦੁੱਖ ਸੀ

***ਗੁਰਜੋਤ ਸਿੰਘ**




ਪੰਜਾਬ ਦੇ ਇੱਕ ਨਿੱਕੇ ਜਿਹੇ ਸ਼ਹਿਰ ਮੋਗਾ ਵਿੱਚ ਜਨਮੇ ਨਰਿੰਦਰ ਸਿੰਘ ਕਪਾਨੀ ਨੂੰ ਵਿਸ਼ਵ ਭਰ ਵਿੱਚ 'ਫਾਈਬਰ ਓਪਟਿਕਸ' ਦੇ ਪਿਤਾ' ਵਜੋਂ ਜਾਣਿਆ ਜਾਂਦਾ ਹੈ।ਕਪਾਨੀ ਨੇ ਇਹ ਸਾਬਤ ਕੀਤਾ ਕਿ ਰੌਸ਼ਨੀ ਸਿੱਧੀ ਰੇਖਾ ਵਿੱਚ ਹੀ ਨਹੀਂ ਚਲਦੀ ਬਲਕਿ ਕੱਚ ਦੀਆਂ ਬਾਰੀਕ ਤੰਦਾਂ ਦੀ ਵਰਤੋਂ ਨਾਲ ਇਸ ਨੂੰ ਮੋੜਿਆ ਵੀ ਜਾ ਸਕਦਾ ਹੈ।ਅਜੋਕੀਆਂ ਕਈ ਤਕਨੀਕਾਂ, ਜਿਨ੍ਹਾਂ ਵਿੱਚ ਹਾਈ ਸਪੀਡ ਇੰਟਰਨੈੱਟ,ਮੈਡੀਕਲ ਖੋਜਾਂ ਵੀ ਸ਼ਾਮਲ ਹੈ, ਇਸੇ ਕਾਢ ਕਾਰਨ ਹੇ ਸੰਭਵ ਹੋ ਸਕੀਆਂ ਸਨ।

ਨਰਿੰਦਰ ਸਿੰਘ ਕਪਾਨੀ ਦਾ ਜਨਮ 31 ਅਕਤੂਬਰ 1927 ਨੂੰ ਹੋਇਆ ਸੀ ਅਤੇ 94 ਸਾਲ ਦੀ ਉਮਰ ਵਿੱਚ 3 ਦਸੰਬਰ 2020 ਨੂੰ ਉਨ੍ਹਾਂ ਦੁਨੀਆਂ ਨੂੰ ਅਲਵਿਦਾ ਕਿਹਾ।ਉਨ੍ਹਾਂ ਨੇ ਇਸ ਕਾਢ ਦੇ ਨਾਲ-ਨਾਲ ਕਈ ਕੰਪਨੀਆਂ ਵੀ ਖੋਲ੍ਹੀਆਂ, ਇੱਕ ਸਫ਼ਲ ਬਿਜ਼ਨਸਮੈਨ ਬਣੇ, ਉਨ੍ਹਾਂ ਨੂੰ ਸਿੱਖ ਕਲਾ ਲਈ ਮਹੱਤਵਪੂਰਨ ਕੰਮ ਕਰਨ ਲਈ ਵੀ ਜਾਣਿਆ ਜਾਂਦਾ ਹੈ।

ਪੜ੍ਹਾਈ ਦੌਰਾਨ ਜਦੋਂ ਇੱਕ ਅਧਿਆਪਕ ਨੇ ਕਿਹਾ ਕਿ ਰੌਸ਼ਨੀ ਸਿੱਧੀ ਰੇਖਾ ਵਿੱਚ ਚੱਲਦੀ ਹੈ ਤਾਂ ਕਪਾਨੀ ਇਸ ਗੱਲ ਨੂੰ ਮੰਨਣ ਤੋਂ ਮੁਨਕਰ ਹੋ ਗਏ ਅਤੇ ਇਥੋਂ ਹੀ ਜਨਮ ਹੋਇਆ ਉਨ੍ਹਾਂ ਦੇ ਮਿਸ਼ਨ ਦਾ।"ਮੈਂ ਇਸ ਗੱਲ ਨੂੰ ਮੰਨਣਾ ਨਹੀਂ ਸੀ ਚਾਹੁੰਦਾ ਇਸ ਲਈ ਮੈਂ ਇਸ ਗੱਲ ਨੂੰ ਗਲਤ ਸਾਬਤ ਕਰਨ ਦਾ ਫ਼ੈਸਲਾ ਲਿਆ।"ਨਰਿੰਦਰ ਸਿੰਘ ਕਪਾਨੀ ਨੇ ਇਸ ਨੂੰ ਹੀ ਆਪਣਾ ਮਿਸ਼ਨ ਬਣਾਇਆ ਇਹੀ ਮਿਸ਼ਨ ਉਨ੍ਹਾਂ ਨੂੰ ਪਹਿਲਾਂ ਲੰਡਨ ਅਤੇ ਫਿਰ ਅਮਰੀਕਾ ਲੈ ਕੇ ਗਿਆ।ਇਸ ਮਗਰੋਂ ਉਹ ਯੂਕੇ ਦੇ ਇੰਪੀਰੀਅਲ ਕਾਲਜ ਚਲੇ ਗਏ, ਜਿੱਥੇ ਉਨ੍ਹਾਂ ਨੇ ਆਪਣੀ ਗੱਲ ਨੂੰ ਤਰਕ-ਭਰਪੂਰ ਤਰੀਕੇ ਨਾਲ ਸਾਬਤ ਕਰਨ ਲਈ ਦਿਨ-ਰਾਤ ਇੱਕ ਕੀਤਾ।ਉਨ੍ਹਾਂ ਨੇ 'ਓਪਟੀਕਲ ਫਾਈਬਰ' ਕੱਚ ਦੀਆਂ ਤੰਦਾਂ ਦੇ ਇੱਕ ਬੰਡਲ ਨੂੰ ਤਸਵੀਰਾਂ ਦੇ ਸੰਚਾਰ ਲਈ ਵਰਤਿਆ। ਅਜੋਕੇ ਏਂਡੋਸਕੋਪੀ ਕੈਮਰੇ ਦੀ ਸ਼ੁਰੂਆਤੀ ਖੋਜ ਵੀ ਕਪਾਨੀ ਨੇ ਇਸੇ ਦੌਰਾਨ ਕੀਤੀ।

ਦੇਹਰਾਦੂਨ ਵਿੱਚ ਆਪਣੀ ਕੱਚੀ ਉਮਰ ਬਿਤਾਉਣ ਵਾਲੇ ਕਪਾਨੀ ਦੀਆਂ ਯਾਦਾਂ 2021 ਵਿੱਚ ਰਿਲੀਜ਼ ਹੋਈ ਕਿਤਾਬ 'ਦ ਮੈਨ ਹੂ ਬੈਂਟ ਲਾਈਟ' ਵਿੱਚ ਦਰਜ ਹਨ।

ਕਿਤਾਬ ਵਿੱਚ ਭਾਰਤ-ਪਾਕਿਸਤਾਨ ਵੰਡ ਨਾਲ ਜੁੜੇ ਕੁਝ ਹਵਾਲੇ ਮਿਲਦੇ ਹਨ। 1947 ਦੀ ਇੱਕ ਘਟਨਾ ਦਾ ਵੀ ਵਰਣਨ ਹੈ ਜਦੋਂ ਕਪਾਨੀ ਨੇ ਦੰਗਿਆਂ ਮੌਕੇ ਆਪਣੇ ਘਰ ਵਿੱਚ ਕੰਮ ਕਰਦੇ ਇੱਕ ਮੁਸਲਮ ਪਰਿਵਾਰ ਨੂੰ ਦੰਗਾਕਾਰੀਆਂ ਤੋਂ ਬਚਾਇਆ ਸੀ।

'ਦਿ ਮੈਨ ਹੂ ਬੈਂਟ ਲਾਈਟ' ਵਿੱਚ ਉਹ ਆਪਣੀ ਮਾਂ ਦੀ ਮੌਤ ਸਮੇਂ ਅੰਤਿਮ ਰਸਮਾਂ ਵਿੱਚ ਨਾ ਪਹੁੰਚ ਸਕਣ ਬਾਰੇ ਦੱਸਦੇ ਹਨ, "ਮੇਰੀ ਮਾਂ ਦਾ ਦੇਹਾਂਤ 31 ਅਕਤੂਬਰ 1984 ਨੂੰ ਹੋਇਆ ਉਸੇ ਦਿਨ ਜਿਸ ਦਿਨ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ."“ਮੈਂ ਅਮਰੀਕਾ ਵਿੱਚ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ ਕਤਲੇਆਮ ਬਾਰੇ ਸਿੱਖ ਸਮੂਹਾਂ ਅਤੇ ਅਮਰੀਕੀ ਕਾਂਗਰਸ ਨਾਲ ਰਲਕੇ ਇਸਦੀ ਜਾਂਚ ਕਰਵਾਉਣ ਅਤੇ ਭਾਰਤ ਸਰਕਾਰ ਦੀ ਨਿੰਦਾ ਕੀਤੇ ਜਾਣ ਬਾਰੇ ਕੰਮ ਕਰ ਰਿਹਾ ਸੀ।"“ਮੇਰੀਆਂ ਗਤੀਵਿਧੀਆਂ ਦੇ ਕਾਰਨ ਹੀ ਮੈਨੂੰ ਆਪਣੀ ਮਾਂ ਦੇ ਸਸਕਾਰ ਲਈ ਭਾਰਤ ਨਹੀਂ ਆਉਣ ਦਿੱਤਾ ਗਿਆ।"

ਨਰਿੰਦਰ ਕਪਾਨੀ ਦੀ ਧੀ ਕਿੱਕੀ ਕਪਾਨੀ ਦੱਸਦੇ ਹਨ ਕਿ, "ਮੇਰੇ ਪਿਤਾ ਨੇ ਕਦੀ ਵੀ ਕਿਸੇ ਗੱਲ 'ਤੇ ਸ਼ਿਕਵਾ ਨਹੀਂ ਕੀਤਾ। ਉਨ੍ਹਾਂ ਨੋਬਲ ਪੁਰਸਕਾਰ ਨਾ ਮਿਲਣ ਦੀ ਵੀ ਕਦੇ ਸ਼ਿਕਾਇਤ ਨਹੀਂ ਕੀਤੀ, ਬਲਕਿ ਜੋ ਕੁਝ ਹਾਸਿਲ ਸੀ ਉਸ ਲਈ ਸ਼ੁਕਰਾਨਾ ਹੀ ਕੀਤਾ।"ਉਹ ਦੱਸਦੇ ਹਨ ਕਿ ਜਿਸ ਵੇਲੇ ਚਾਰਲਸ ਕਾਓ ਨੂੰ 2009 ਵਿੱਚ ਨੋਬਲ ਪੁਰਸਕਾਰ ਮਿਲਿਆ ਤਾਂ ਵੀ ਉਨ੍ਹਾਂ ਦੇ ਪਿਤਾ ਬਹੁਤ ਖ਼ੁਸ਼ ਹੋਏ ਸਨ।ਆਪਣੇ ਪਿਤਾ ਨੂੰ ਯਾਦ ਕਰਦਿਆਂ ਉਹ ਕਹਿੰਦੇ ਹਨ ਕਿ ਉਹ ਬਹੁਤ ਹੱਸਮੁੱਖ ਸੁਭਾਅ ਦੇ ਸਨ ਅਤੇ ਹਮੇਸ਼ਾ ਭਵਿੱਖ ਵੱਲ ਕੇਂਦਰਤ ਰਹਿੰਦੇ ਸਨ।ਉਹ ਦੱਸਦੇ ਹਨ ਕਿ ਡਾ. ਕਪਾਨੀ ਅਤੇ ਉਨ੍ਹਾਂ ਦੀ ਮਾਂ ਸਤਿੰਦਰ ਕਪਾਨੀ ਦਾ ਇੱਕ ਦੂਜੇ ਨਾਲ ਬਹੁਤ ਨਿੱਘਾ ਰਿਸ਼ਤਾ ਸੀ।

'ਦਿ ਮੈਨ ਹੂ ਬੈਂਟ ਲਾਈਟ' ਵਿੱਚ ਉਹ ਦੱਸਦੇ ਹਨ ਕਿ ਕਿ ਜਦੋਂ ਉਹ ਅਮਰੀਕਾ ਵਿੱਚ ਸਨ ਇੱਕ ਦਿਨ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਉਨ੍ਹਾਂ ਨੂੰ ਮਿਲਣ ਲਈ ਬੁਲਾਇਆ।ਮਹਾਰਾਜਾ ਪਟਿਆਲਾ ਦੇ ਨਾਲ ਨਾਲ ਉਨ੍ਹਾਂ ਦੀ ਮੁਲਾਕਾਤ ਉਸ ਵੇਲੇ ਭਾਰਤ ਦੇ ਸੰਯੁਕਤ ਰਾਸ਼ਟਰ ਦੇ ਨੁਮਾਇੰਦੇ ਕ੍ਰਿਸ਼ਨਾ ਮੈਨਨ ਨਾਲ ਵੀ ਹੋਈ ਸੀ।ਇਸ ਤੋਂ ਥੋੜ੍ਹੇ ਸਮੇਂ ਬਾਅਦ ਜਦੋਂ ਉਹ ਨਵੀਂ ਦਿੱਲੀ ਵਿਖੇ ਜਵਾਹਰਲਾਲ ਨਹਿਰੂ ਨੂੰ ਮਿਲੇ ਤਾਂ ਨਹਿਰੂ ਨੇ ਉਨ੍ਹਾਂ ਨੂੰ ਉੱਚ ਅਹੁਦੇ ਉੱਤੇ ਲਾਏ ਜਾਣ ਦੀ ਸਿਫ਼ਾਰਿਸ਼ ਅਤੇ ਚੰਗੀ ਤਨਖਾਹ ਦੇਣ ਲਈ ਆਪਣੇ ਹੱਥੀਂ ਲਿਖਿਆ।

ਕਪਾਨੀ ਨੂੰ ਦੋ ਮਹੀਨੇ ਤੱਕ ਇੰਤਜ਼ਾਰ ਕਰਨ ਲਈ ਕਿਹਾ ਗਿਆ ਪਰ ਭਾਰਤ ਦੇ ਸਰਕਾਰੀ ਮਹਿਕਮਿਆਂ ਵੱਲੋਂ ਉਨ੍ਹਾਂ ਨੂੰ ਕੋਈ ਜੁਆਬ ਨਹੀਂ ਦਿੱਤਾ ਗਿਆ।ਕਮਲ ਪੀ ਸਿੰਘ ਦੱਸਦੇ ਹਨ ਕਿ ਅੱਜ ਦੁਨੀਆਂ ਦੀ ਹਰੇਕ ਥਾਂ ਉੱਤੇ ਇੰਟਰਨੈੱਟ ਦਾ ਪਹੁੰਚਣਾ ਵੀ ਇਸੇ ਕਰਕੇ ਸੰਭਵ ਹੋ ਸਕਿਆ ਹੈ।

ਨਰਿੰਦਰ ਸਿੰਘ ਕਪਾਨੀ ਨੇ ਇੱਕ ਸਾਇੰਸਦਾਨ ਸਫ਼ਲ ਬਿਜ਼ਨਸਮੈਨ ਹੋਣ ਦੇ ਨਾਲ-ਨਾਲ ਕਲਾ, ਸਿੱਖਿਆ ਅਤੇ ਸਮਾਜ ਸੇਵਾ ਵਿੱਚ ਵੀ ਹਿੱਸਾ ਪਾਇਆ।ਉਨ੍ਹਾਂ ਨੇ ਜਿੱਥੇ ਯੂਨੀਵਰਸਿਟੀ ਆਫ਼ ਕੈਲੀਫੌਰਨੀਆ ਸੈਂਟਾ ਬਾਰਬਰਾ ਵਿੱਚ ਸਿੱਖ ਚੇਅਰ ਦੇ ਨਾਲ-ਨਾਲ ਇੰਟਰਪਨਿਊਰਸ਼ਿਪ ਵਿੱਚ ਚੇਅਰ ਸਥਾਪਤ ਕੀਤੀ।

"ਫਿਰ ਮੈਨੂੰ ਖਿਆਲ ਆਇਆ ਕਿ ਮੇਰੇ ਸਿੱਖ ਹੋਣ ਦੇ ਮਾਣ ਅਤੇ ਸਿੱਖ ਕਲਾ ਪ੍ਰਤੀ ਮੇਰੀ ਪ੍ਰਤੀਬੱਧਤਾ ਨੇ ਮੈਨੂੰ ਸਿੱਖ ਆਰਟ ਨਾਲ ਜੁੜੀਆਂ ਚੀਜ਼ਾਂ ਨੂੰ ਇਕੱਠਿਆਂ ਕਰਨ ਪ੍ਰੇਰਿਆ ਅਤੇ ਸਿੱਖ ਫਾਊਂਡੇਸ਼ਨ ਨਾਮ ਦੀ ਸੰਸਥਾ ਹੋਂਦ ਵਿੱਚ ਆਈ।"

ਸਿੱਖ ਫਾਊਂਡੇਸ਼ਨ ਦੇ ਐਗਜ਼ੈਕੇਟਿਵ ਡਾਇਰੈਕਟਰ ਸੋਨੀਆ ਧਾਮੀ ਦੱਸਦੇ ਹਨ ਕਿ ਡਾ. ਕਪਾਨੀ ਚਾਹੁੰਦੇ ਸਨ ਕਿ ਨਵੰਬਰ 1984 ਵਿੱਚ ਹੋਏ ਸਿੱਖ ਕਤਲੇਆਮ ਦੀ ਯਾਦ ਵਿੱਚ ਦਿੱਲੀ ਵਿੱਚ ਇੱਕ ਯਾਦਗਾਰ ਸਥਾਪਤ ਕੀਤੀ ਜਾਵੇ, ਪਰ ਇਹ ਕੰਮ ਨੇਪਰੇ ਨਹੀਂ ਚੜ੍ਹ ਸਕਿਆ।ਸੋਨੀਆ ਦੱਸਦੇ ਹਨ, 1960ਵਿਆਂ ਦਾ ਅਮਰੀਕਾ ਅੱਜ ਨਾਲੋਂ ਬਹੁਤ ਵੱਖਰਾ ਸੀ, ਲੋਕ ਡਾ. ਕਪਾਨੀ ਨੂੰ ਉਨ੍ਹਾਂ ਦੇ ਧਰਮ ਬਾਰੇ ਪੁੱਛਦੇ ਸਨ ਫਿਰ ਉਨ੍ਹਾਂ ਨੇ ਇਸ ਬਾਰੇ ਆਪਣੇ ਆਪ ਨੂੰ ਸਿੱਖਿਅਤ ਕਰਨਾ ਸ਼ੁਰੂ ਕੀਤਾ।ਇਸਨੇ ਉਨ੍ਹਾਂ ਨੂੰ ਸਿੱਖ ਕਲਾਕ੍ਰਿਤੀਆਂ ਨੂੰ ਇਕੱਠੇ ਕਰਨ ਵੱਲ ਪ੍ਰੇਰਿਆ।ਸਿੱਖ ਫਾਊਂਡੇਸ਼ਨ ਵੱਲੋਂ ਸਿੱਖ ਕਲਾ ਉੱਤੇ ਕੇਂਦਰਤ ਕਈ ਵੱਡੀਆਂ ਪ੍ਰਦਰਸ਼ਨੀਆਂ ਕੀਤੀਆਂ ਜਾ ਚੁੱਕੀਆਂ ਹਨ, ਅਜਿਹੀ ਕੋਈ ਵੀ ਪ੍ਰਦਰਸ਼ਨੀ ਡਾ. ਕਪਾਨੀ ਦੇ ਕਲਾ ਸੰਗ੍ਰਹਿ ਦੇ ਬਿਨ੍ਹਾਂ ਅਧੂਰੀ ਹੁੰਦੀ ਹੈ।ਉਹ ਦੱਸਦੇ ਹਨ ਸਿੱਖ ਕਲਾ ਬਾਰੇ ਇੰਨੇ ਵੱਡੇ ਪੱਧਰ 'ਤੇ ਕੰਮ ਪਹਿਲਾਂ ਕਦੇ ਨਹੀਂ ਸੀ ਹੋਇਆ, "ਦਰਅਸਲ ਡਾ. ਕਪਾਨੀ ਦੇ ਯਤਨਾਂ ਸਦਕਾ ਹੀ ਸਿੱਖ ਕਲਾ ਨੂੰ ਲੋੜੀਂਦਾ ਧਿਆਨ ਮਿਲਿਆ।"




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

7 ਦਸੰਬਰ, ਦਿਨ ਵੀਰਵਾਰ..........1:30 ਵਜੇ ਸਵ. ਬੀਬੀ ਹਰਬੰਸ ਕੌਰ ਭੁੱਲਰ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

9 ਦਸੰਬਰ, ਦਿਨ ਸ਼ਨਿੱਚਰਵਾਰ......1:30 ਵਜੇ ਸਵ. ਭਾਈ ਹਰਕੇਵਲ ਸਿੰਘ ਭੰਗਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

9 ਦਸੰਬਰ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਨਿਰਮਲ ਸਿੰਘ ਬੱਲ ਅਤੇ ਪਰਿਵਾਰ ਵਲੋਂ ਹੋਵੇਗੀ।

9 ਦਸੰਬਰ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਹਰੀ ਸਿੰਘ ਗੋਸਲ ਅਤੇ ਪਰਿਵਾਰ ਵਲੋਂ ਹੋਵੇਗੀ।

10 ਦਸੰਬਰ, ਦਿਨ ਐਤਵਾਰ.........ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

14 ਦਸੰਬਰ, ਦਿਨ ਵੀਰਵਾਰ.........ਸੰਗਰਾਂਦ ਹੈ, ਸ਼ਾਮ ਨੂੰ ਦੀਵਾਨ ਸਜਣਗੇ।

17 ਦਸੰਬਰ, ਦਿਨ ਐਤਵਾਰ.........ਸਵੇਰੇ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਪੰਜਾਬੀ ਸਾਹਿਤ ਸਭਾ ਮੁੱਢਲੀ ਐਬਟਸਫੋਰਡ ਵੱਲੋਂ ਸਤਵੰਤ ਕੌਰ ਪੰਧੇਰ ਦੀ ਪੁਸਤਕ 'ਕਾਦਰ ਦੀ ਕੁਦਰਤ' ਲੋਕ ਅਰਪਿਤ

## ਭਾਈ ਵੀਰ ਸਿੰਘ ਦੇ ਕੁਦਰਤ ਦੇ ਕਾਵਿ ਦੀ ਸਾਹਿਤਕ ਵਾਰਿਸ ਹੈ ਪੰਧੇਰ:ਡਾ. ਗੁਰਵਿੰਦਰ ਸਿੰਘ

ਵੈਨਕੂਵਰ :-(ਬਰਾੜ-ਭਗਤਾ ਭਾਈ ਕਾ) ਪੰਜਾਬੀ ਸਾਹਿਤ ਸਭਾ ਮੁੱਢਲੀ ਵੱਲੋਂ ਪੰਜਾਬੀ ਲੇਖਕਾ ਸਤਵੰਤ ਕੌਰ ਪੰਧੇਰ ਦੀ ਚੌਥੀ ਪੁਸਤਕ 'ਕਾਦਰ ਦੀ ਕੁਦਰਤ' ਵੱਡੀ ਗਿਣਤੀ ਵਿੱਚ ਪਹੁੰਚੇ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤੀ ਗਈ। 148 ਸਫ਼ੇ ਦੀ ਇਸ ਪੁਸਤਕ ਵਿੱਚ 85 ਕਵਿਤਾਵਾਂ ਹਨ, ਜੋ ਕਿ ਕੁਦਰਤ ਦੇ ਰੰਗ ਵਿੱਚ ਰੰਗੀਆਂ ਹੋਈਆਂ ਹਨ।ਪੁਸਤਕ ਲੋਕ ਅਰਪਣ ਸਮਾਗਮ ਸਮੇਂ ਲੇਖਕਾ ਪੰਧੇਰ ਨੇ ਕਿਹਾ ਕਿ ਉਨ੍ਹਾਂ ਨੇ ਕੁਦਰਤ ਦੇ ਖੂਬਸੂਰਤ ਬੂਟਿਆਂ, ਫੁੱਲਾਂ ਆਦਿ ਨਾਲ ਗੱਲਾਂ ਕਰਦਿਆਂ ਜ਼ਿੰਦਗੀ ਦੇ ਕੀਮਤੀ ਪਲ ਬਿਤਾਏ ਹਨ ਅਤੇ ਉਨ੍ਹਾਂ ਨੂੰ ਕਵਿਤਾਵਾਂ ਦੇ ਰੂਪ ਵਿੱਚ ਪੇਸ਼ ਕੀਤਾ ਹੈ।ਬੁਲਾਰਿਆਂ ਵਿੱਚ ਡਾ. ਗੁਰਵਿੰਦਰ ਸਿੰਘ, ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁੱਢਲੀ ਨੇ ਸਾਹਿਤਕ ਮਿਸਾਲਾਂ ਦੇ ਕੇ ਕਿਹਾ ਕਿ ਸਤਵੰਤ ਕੌਰ ਪੰਧੇਰ ਦੀ ਸਾਹਿਤਕ ਪ੍ਰੇਰਨਾ ਡਾਕਟਰ ਭਾਈ ਵੀਰ ਸਿੰਘ ਹਨ।ਕਵਿਤਰੀ ਪੰਧੇਰ ਡਾ. ਭਾਈ ਵੀਰ ਸਿੰਘ ਦੇ ਸਾਹਿਤਕ ਵਾਰਿਸ ਹੈ।ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਨੇ ਕਿਹਾ ਕਿ ਪੰਧੇਰ ਕੁਦਰਤੀ ਰੰਗ ਵਿੱਚ ਰੰਗੀ ਅਜਿਹੀ ਲੇਖਕਾ ਹੈ, ਜਿਸ ਦੇ ਲਫ਼ਜ਼ਾਂ ਵਿੱਚ ਕੁਦਰਤ ਦੀ ਮਹਿਕ ਨਜ਼ਰ ਆਉਂਦੀ ਹੈ। ਬੀਬੀ ਇੰਦਰਜੀਤ ਕੌਰ ਸਿੱਧੂ ਨੇ ਭਾਵਪੂਰਤ ਸ਼ਬਦਾਂ ਵਿੱਚ ਪੁਸਤਕ ਵਿੱਚਲੀ ਲਿਖਤ ਦੀ ਪ੍ਰਸੰਸਾ ਕਰਦਿਆਂ ਲੇਖਕਾ ਨੂੰ ਮੁਬਾਰਕਬਾਦ ਦਿੱਤੀ।

ਗ਼ਜ਼ਲਗੋ ਦਵਿੰਦਰ ਸਿੰਘ ਪੂਨੀਆ ਨੇ ਪੁਸਤਕ ਵਿਚਲੀ ਲਿਖਤ ਬਾਰੇ ਮਿਸਾਲ ਦਿੰਦੇ ਕਿਹਾ ਕਿ ਪੰਧੇਰ ਨੇ ਕੁਦਰਤ ਨਾਲ ਮਨੁੱਖ ਦੀ ਡੂੰਘੀ ਸਾਂਝ ਨੂੰ ਬਿਆਨ ਕਰਦਿਆਂ ਹੋਇਆਂ ਕਿਹਾ ਕਿ ਕੁਦਰਤ ਨੂੰ ਬਰਬਾਦ ਕਰਨ ਤੋਂ ਮਨੁੱਖ ਨੂੰ ਵਰਜਣਾ ਜ਼ਰੂਰੀ ਹੈ। ਅੰਕੇਸ਼ਵਰ ਨੇ ਸੁਰੀਲੀ ਆਵਾਜ਼ ਵਿੱਚ, ਕਿਤਾਬ ਵਿੱਚੋਂ ਇੱਕ ਗੀਤ ਸਾਂਝਾਂ ਕਰਦਿਆਂ ਵਾਹ- ਵਾਹ ਖੱਟੀ।

ਹੋਰਨਾਂ ਬੁਲਾਰਿਆਂ ਵਿੱਚ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਦੇ ਮੁਖੀ ਪ੍ਰਿੰਸੀਪਲ ਮਲੂਕ ਚੰਦ ਕਲੇਰ, ਰਾਜਿੰਦਰ ਸਿੰਘ ਪੰਧੇਰ, ਹਰਚੰਦ ਸਿੰਘ ਬਾਗੜੀ, ਦਵਿੰਦਰ ਕੌਰ ਜੌਹਲ, ਹਰਿਕੀਰਤ ਕੌਰ ਚਾਹਲ, ਹਰੀ ਸਿੰਘ ਤਾਤਲਾ, ਪਵਨ ਗਿੱਲਾਂ ਵਾਲਾ ਨੇ ਵੀ ਪੁਸਤਕ ਬਾਰੇ ਪੰਧੇਰ ਨੂੰ ਮੁਬਾਰਕਾਂ ਦਿਤੀਆਂ।ਪੰਜਾਬੀ ਸਾਹਿਤ ਸਭਾ ਮੁੱਢਲੀ ਦੇ ਸਕੱਤਰ ਸੁਰਜੀਤ ਸਿੰਘ ਸਹੋਤਾ ਨੇ ਸਭ ਨੂੰ ਜੀ ਆਇਆਂ ਨੂੰ ਆਖਿਆ ਅਤੇ ਗੁਰਪ੍ਰੀਤ ਸਿੰਘ ਚਾਹਲ ਨੇ ਪ੍ਰੋਗਰਾਮ ਦਾ ਖ਼ੂਬਸੂਰਤ ਢੰਗ ਨਾਲ ਸੰਚਾਲਨ ਕੀਤਾ।ਹਾਜ਼ਿਰ ਸ਼ਖਸੀਅਤਾਂ ਵਿੱਚ ਬਲਵੰਤ ਸਿੰਘ ਰੂਪਾਲ, ਜਸਵੀਰ ਕੌਰ ਮਾਨ, ਪਲਵਿੰਦਰ ਕੌਰ ਸਵੈਚ, ਪ੍ਰੀਤਪਾਲ ਪੂਨੀ ਅਟਵਾਲ, ਨਿਰਮਲ ਗਿੱਲ, ਡਾ. ਜਸਮਲਕੀਤ ਕੌਰ, ਗੁਰਵਿੰਦਰ ਸਿੰਘ ਸੰਧੂ, ਨਵਰੂਪ ਸਿੰਘ, ਡਾ. ਸੁਖਵਿੰਦਰ ਸਿੰਘ ਵਿਰਕ, ਗੁਰਦੇਵ ਸਿੰਘ ਬੁੱਟਰ, ਲੱਖੀ ਗਾਖਲ, ਜਰਨੈਲ ਸਿੰਘ ਅਤੇ ਦਿਲਬਾਗ ਸਿੰਘ ਸਮੇਤ ਵੱਡੀ ਤਾਦਾਦ ਵਿੱਚ ਸਰੋਤੇ ਪਹੁੰਚੇ। ਸਤਵੰਤ ਕੌਰ ਪੰਧੇਰ ਕਾਵਿ ਵਿੱਚ ਕੁਦਰਤੀ ਮਹਿਮਾ ਨੂੰ ਬਿਆਨਦਾ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।





## ਗਹਿਣੇ ਪਿਆ ਆਦਮੀ

ਕਾਊਂਟਰ 'ਤੇ ਬੈਠੀ ਕੁੜੀ ਨੇ ਜਦੋਂ ਉਸ ਦੇ ਪੈਸੇ ਜਮ੍ਹਾਂ ਕਰਕੇ ਕਿਹਾ ਕਿ 'ਅੱਜ ਉਹਦੀ ਆਖਰੀ ਕਿਸ਼ਤ ਜਮ੍ਹਾਂ ਹੋ ਗਈ ਹੈ' ਤਾਂ ਉਹਨੇ ਚੈਨ ਦਾ ਇੱਕ ਲੰਮਾ ਸਾਹ ਲਿਆ। ਦਰਅਸਲ ਉਹ ਪਿਛਲੇ ਪੱਚੀ ਮਹੀਨਿਆਂ ਤੋਂ ਇੱਕ ਵੱਡੇ ਬੋਝ ਹੇਠ ਜ਼ਿੰਦਗੀ ਬਸਰ ਕਰ ਰਿਹਾ ਸੀ। ਛੋਟੀ ਕੁੜੀ ਦੇ ਵਿਆਹ ਵਿਚ ਉਹਨੇ ਜਵਾਈ ਨੂੰ ਸੋਨੇ ਦੀ ਚੈਨ ਪਾਈ ਸੀ। ਇਹ ਦੇਖ ਕੇ ਵੱਡੀ ਕੁੜੀ ਨੇ ਜ਼ਿੱਦ ਕੀਤੀ ਕਿ ਸਾਨੂੰ ਤਾਂ ਪਾਈ ਨਹੀਂ।ਉਹਨੇ ਕੁੜੀ ਦੀ ਭਾਵਨਾ ਨੂੰ ਸਮਝਿਆ ਅਤੇ ਕੁਝ ਸਮੇਂ ਮਗਰੋਂ ਜਦੋਂ ਵੱਡੀ ਕੁੜੀ ਦੇ ਮੁੰਡਾ ਪੈਦਾ ਹੋਇਆ ਤਾਂ ਉਹਨੇ ਗੁਜਾਇਸ਼ ਨਾ ਹੁੰਦਿਆਂ ਵੀ ਇੱਕ ਸੁਨਿਆਰ ਤੋਂ ਪੰਜ ਹਜ਼ਾਰ ਰੁਪਏ ਦੀ ਮਹੀਨਾਵਾਰ ਕਿਸ਼ਤ 'ਤੇ ਇੱਕ ਚੈਨ ਖਰੀਦ ਲਈ। ਇਸ ਰਕਮ ਨੂੰ ਪੱਚੀ ਮਹੀਨਿਆਂ ਵਿਚ ਹੁਣ ਜਾ ਕੇ ਕਿਤੇ ਲਾਹ ਸਕਿਆ ਸੀ। ਪ੍ਰਾਈਵੇਟ ਨੌਕਰੀ ਕਰਦੇ ਹੋਏ ਘੱਟ ਤਨਖਾਹ ਵਿਚ ਹਰ ਮਹੀਨੇ ਪੰਜ ਹਜ਼ਾਰ ਕੱਢਣੇ ਉਹਦੇ ਲਈ ਬੇਹੱਦ ਮੁਸ਼ਕਲ ਸਨ। ਇਸ ਦੌਰਾਨ ਉਹਨੂੰ ਇਹੀ ਲਗਦਾ ਰਿਹਾ ਕਿ ਉਹ ਸੁਨਿਆਰ ਕੋਲ ਗਹਿਣੇ ਪਿਆ ਹੈ। ਅੱਜ ਉਹ ਖ਼ੁਦ ਨੂੰ ਆਜ਼ਾਦ ਹੋਇਆ ਸਮਝ ਰਿਹਾ ਸੀ।ਘਰ ਪਹੁੰਚਿਆ ਤਾਂ ਛੋਟੀ ਕੁੜੀ ਆਈ ਹੋਈ ਸੀ। ਉਹਦੇ ਵੀਕੁਝ ਦਿਨ ਪਹਿਲਾ ਮੁੰਡਾ ਹੋਇਆ ਸੀ ਅਤੇ ਉਹ ਮੁੰਡੇ ਨਾਲ ਪਹਿਲੀ ਵਾਰ ਪਿਤਾ ਦੇ ਘਰ ਆਈ ਸੀ। ਉਹ ਬਹੁਤ ਖੁਸ਼ ਹੋਇਆ।

ਇੱਕ ਦਿਨ ਛੋਟੀ ਕੁੜੀ ਮੁੰਡੇ ਨੂੰ ਖਿਡਾਉਂਦੀ ਹੋਈ ਉਹਦੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਰਹੀ ਸੀ, 'ਤੇ..ਲੇ ਨਾਨੂੰ ਆਪਣੇ ਦੋਹਤੇ ਨੂੰ ਸੋਨੇ ਦੀ ਚੈਨ ਦਿੰਦੇ ਹਨ।ਵੱਡੇ ਵੀਲੇ ਨੂੰ ਵੀ ਦਿੱਤੀ ਐ..ਤੈਨੂੰ ਵੀ ਦੇਣਗੇ..।'ਅਤੇ ਅਗਲੇ ਦਿਨ ਉਹਨੇ ਫੇਰ ਪੱਚੀ ਮਹੀਨਿਆਂ ਲਈ ਆਪਣੇ ਆਪ ਨੂੰ ਸੁਨਿਆਰ ਕੋਲ ਗਹਿਣੇ ਰੱਖ ਦਿੱਤਾ।

**-- ਡਾ. ਕ੍ਰਿਸ਼ਨ ਕੁਮਾਰ ਆਸ਼ੂ, ਗੰਗਾਨਗਰ**


# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ

ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਮਾਤਾ ਗੁਜਰੀ ਜੀ ਦੀ ਯਾਦ ਅਤੇ ਕਿਸਾਨ ਮੋਰਚਾ ਦਿਵਸ ਮਨਾਇਆ ਜਾਵੇਗਾ ਅਤੇ 3 ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ:

1. ਭਾਈ ਸਤਵੀਰ ਸਿੰਘ ਪਰਿਵਾਰ ਵੱਲੋਂ ਜਿਸਦੀ ਆਰੰਭਤਾ 7 ਦਸੰਬਰ ਦਿਨ ਵੀਰਵਾਰ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 9 ਦਸੰਬਰ ਦਿਨ ਸ਼ਨਿਚਰਵਾਰ ਸਵੇਰੇ 9.30 ਵਜੇ ਪਾਏ ਜਾਣਗੇ ਅਤੇ ਕੀਰਤਨ ਦੀਵਾਨ ਸਜਣਗੇ। 2. 8 ਦਸੰਬਰ ਦਿਨ ਸ਼ੁੱਕਰਵਾਰ ਗੁਰੂਘਰ ਦੀਆਂ ਸੇਵਾਦਾਰ ਬੀਬੀਆਂ ਵੱਲੋਂ ਮਾਤਾ ਗੁਜਰੀ ਜੀ ਦੀ ਯਾਦ ਵਿਚ 3. ਬੀਬੀ ਕੁਲਵੰਤ ਕੌਰ ਪੱਡਾ ਪਰਿਵਾਰ ਵੱਲੋਂ ਬੱਚੇ ਮਨਪ੍ਰੀਤ ਸਿੰਘ ਪੱਡਾ ਦੇ 21ਵੇਂ ਜਨਮ ਦਿਨ ਦੀ ਖੁਸ਼ੀ ਵਿਚ ਜਿਹਨਾਂ ਦੀ ਆਰੰਭਤਾ 8 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 10 ਦਸੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*8 ਦਸੰਬਰ ਦਿਨ ਸ਼ੁੱਕਰਵਾਰ ਨੂੰ ਕਾਕਾ ਸੁਖਵੀਰ ਸਿੰਘ ਕਲੋਆ ਅਤੇ ਬੱਚੀ ਅਮਨਪ੍ਰੀਤ ਦਾ ਅਨੰਦ ਕਾਰਜ ਹੋਵੇਗਾ।
*9 ਦਸੰਬਰ ਦਿਨ ਸ਼ਨਿਚਰਵਾਰ ਬੱਚੀ ਗੁਰਮੀਤ ਕੌਰ ਅਤੇ ਕਾਕਾ ਅੰਮ੍ਰਿਤਪਾਲ ਸਿੰਘ ਦਾ ਅਨੰਦ ਕਾਰਜ ਹੋਵੇਗਾ।
*9 ਦਸੰਬਰ ਦਿਨ ਸ਼ਨਿਚਰਵਾਰ ਦੁਪਹਿਰ 2 ਵਜੇ ਸਵ. ਭਾਈ ਗੁਰਮੀਤ ਸਿੰਘ ਦਿਓਲ ਦਾ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ।ਉਪਰੰਤ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਸ਼ਾਮ 4 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
*9 ਦਸੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਕ੍ਰਿਪਾਲ ਸਿੰਘ ਸੰਧੂ ਪਰਿਵਾਰ ਵੱਲੋਂ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਵਿਚ 2. ਨਗਰ ਦਾਦ ਜ਼ਿਲ੍ਹਾ ਲੁਧਿਆਣਾ ਦੀ ਸੰਗਤ ਵੱਲੋਂ
*10 ਦਸੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਜਗਮੋਹਨ ਸਿੰਘ ਸੰਧੂ ਪਰਿਵਾਰ ਵੱਲੋਂ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।
*10 ਦਸੰਬਰ ਦਿਨ ਐਤਵਾਰ ਭਾਈ ਜਬਰਜੰਗ ਸਿੰਘ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
*10 ਦਸੰਬਰ ਦਿਨ ਐਤਵਾਰ ਦੁਪਹਿਰ 2 ਵਜੇ ਸਵ. ਰਵਿੰਦਰ ਮਹੰਤ ਦਾ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ।ਉਪਰੰਤ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਸ਼ਾਮ 4 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਗੁਰਬਚਨ ਸਿੰਘ ਪੰਨਵਾ (ਪ੍ਰਿੰਸੀਪਲ) ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਭਗਵੰਤ ਮਾਨ ਜੀ, ਦਸਤਾਰਧਾਰੀ ਸਿੱਖ ਚੋਰ ਨਹੀਂ ਸੰਸਾਰ ਦੀ ਸ਼ਾਨ ਹੈ:ਬੀਬੀ ਰਣਜੀਤ ਕੌਰ

ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ):-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੁਆਰਾ ਦਸਤਾਰਧਾਰੀ ਸਿੱਖਾਂ ਨੂੰ ਇਹ ਕਹਿਣਾ ਕਿ ਕੋਈ ਵੀ ਦਸਤਾਰਧਾਰੀ ਸਿੱਖ ਜਦੋਂ ਮੇਰਠ ਵਿਚ ਦਾਖਲ ਹੁੰਦਾ ਹੈ ਤਾਂ ਉਸ ਨੂੰ ਘੋੜਿਆਂ ਦਾ ਚੋਰ ਸਮਝਿਆ ਜਾਂਦਾ ਹੈ, ਕਹਿਣ ਵਾਲੇ ਬਿਆਨ ’ਤੇ ਸਖਤ ਇਤਰਾਜ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਯੂਨਿਟ ਦੀ ਇਸਤਰੀ ਵਿੰਗ ਦੇ ਮੁੱਖ ਸੇਵਾਦਾਰ ਬੀਬੀ ਰਣਜੀਤ ਕੌਰ ਨੇ ਤੁਰੰਤ ਮੁਆਫੀ ਮੰਗਣ ਲਈ ਕਿਹਾ ਹੈ। ਉਨ੍ਹਾਂ ਨੇ ਭਗਵੰਤ ਮਾਨ ਨੇ ਚੇਤੇ ਕਰਵਾਇਆ ਕਿ ਤੂਹਾਡੇ ਵਲੋਂ ਦਿੱਤੇ ਗਏ ਬਿਆਨ ਵਿਚ ਸਾਰੇ ਦਸਤਾਰਧਾਰੀ ਸਿੱਖਾਂ ਨੂੰ ਚੋਰ ਸਮਝਿਆ ਜਾ ਰਿਹਾ ਹੈ, ਜੋ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਅਤੇ ਇਸ ਨਾਲ ਸਿੱਖ ਹਿਰਦਿਆਂ ਨੂੰ ਬਹੁਤ ਵੱਡੀ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਦਸਤਾਰਧਾਰੀ ਸਿੱਖ ਨੇ ਦਸਤਾਰ ਦੀ ਸ਼ਾਨ ਲਈ ਅਨੇਕਾ ਕੁਬਾਨੀਆਂ ਕੀਤੀਆਂ ਹਨ ਤੇ ਇਸ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਵੀਂ ਉਨ੍ਹਾਂ ਦਾ ਰੋਲ ਬਹੁਤ ਵੱਡਾ ਹੈ। ਵਿਦੇਸ਼ਾਂ ਅੰਦਰ ਝਾਤ ਮਾਰੋ ਪਤਾ ਲਗੇਗਾ ਉੱਥੇ ਦਸਤਾਰਧਾਰੀ ਸਿੱਖਾਂ ਨੇ ਆਪਣੇ ਬਲਬੂਤੇ ਤੇ ਕਿੰਨੇ ਝੰਡੇ ਗੱਡੇ ਹਨ ਜਿਨ੍ਹਾਂ ਦਾ ਦੁਨੀਆਂ ਅਤਿ ਸਤਿਕਾਰ ਕਰਦੀ ਹੈ।

ਉਹਨਾਂ ਦਸਿਆ ਕਿ ਮੁੱਖ ਮੰਤਰੀ ਕਦੇ ਵਿਧਾਨ ਸਭਾ ਵਿਚ ਸਿੱਖ ਕੱਕਾਰਾਂ ਦਾ ਅਪਮਾਨ ਕਰਦੇ ਹਨ, ਕਦੇ ਦਸਤਾਰ ਨੂੰ ਟੋਪੀ ਦੱਸ ਦੇਂਦੇ ਹਨ, ਕਦੇ ਕੁਝ ਤੇ ਕਦੇ ਕੁਝ ਕਰਦਿਆਂ ਸਿੱਖ ਸੰਸਥਾਵਾਂ ਤੇ ਟਿਪਣੀਆਂ ਕਰਨ ਦੇ ਨਾਲ ਸਿੱਖ ਪ੍ਰੰਪਰਾਵਾਂ ਤੇ ਸਿੱਖ ਚਿੰਨਾਂ ਬਾਰੇ ਵੀ ਤੰਜ ਕੱਸਦੇ ਰਹਿਣਾ ਤੁਹਾਡੀ ਅਤਿ ਛੋਟੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਸਲਾਹ ਦੇਂਦਿਆਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਪੜ੍ਹੋ ਪਤਾ ਲਗੇਗਾ ਕਿ ਪੂਰੇ ਸੰਸਾਰ ਅੰਦਰ ਇਕ ਮਾਤਰ ਸਿੱਖ ਕੌਮ ਹੀ ਇਕ ਮਾਣ ਤੇ ਸਤਿਕਾਰ ਵਾਲੀ ਕੌਮ ਹੈ। ਅੰਤ ਵਿਚ ਉਨ੍ਹਾਂ ਨੇ ਕਿਹਾ ਕਿ ਚੋਣਾਂ ਵਾਲੇ ਰਾਜਾਂ ਵਿਚ ਆਮ ਆਦਮੀ ਪਾਰਟੀ ਲਈ ਇਸ਼ਤਿਹਾਰਬਾਜ਼ੀ ’ਤੇ ਸੈਂਕੜੇ ਕਰੋੜ ਰੁਪਏ ਬਰਬਾਦ ਕਰਨ ਮਗਰੋਂ ਵੀਂ ਲੋਕਾਂ ਨੇ ਤੁਹਾਡੀ ਪਾਰਟੀ ਨੂੰ ਮੂੰਹ ਨਹੀਂ ਲਗਾਇਆ ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਸਤਿਥੀ ਨਹੀਂ ਸਗੋਂ ਤੁਹਾਡੀ ਪਾਰਟੀ ਦੀ ਸਤਿਥੀ ਦਾ ਬੇੜਾ ਡੁੱਬਣ ਕਿਨਾਰੇ ਪਹੁੰਚ ਚੁੱਕਿਆ ਹੈ।

# ਪੰਜਾਬ ਪੁਲਿਸ ਨੇ ਭਾਈ ਪਰਮਜੀਤ ਸਿੰਘ ਢਾਡੀ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ ਤੋ ਹਿਰਾਸਤ ਵਿਚ ਲਿਆ



ਅੰਮ੍ਰਿਤਸਰ -ਪੰਜਾਬ ਪੁਲੀਸ ਨੇ ਅੰਮ੍ਰਿਤਸਰ ਹਵਾਈ ਅੱਡੇ ਤੋ ਭਾਈ ਪਰਮਜੀਤ ਸਿੰਘ ਢਾਡੀ ਨੂੰ ਹਿਰਾਸਤ ਵਿਚ ਲਿਆ ਹੈ। ਇਹ ਜਾਣਕਾਰੀ ਪੰਜਾਬ ਪੁਲੀਸ ਦੇ ਡੀ ਜੀ ਪੀ ਸ੍ਰੀ ਗੌਰਵ ਯਾਦਵ ਨੇ ਟਵੀਟ ਕਰਕੇ ਦਿੱਤੀ। ਭਾਈ ਢਾਡੀ ਨੂੰ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋ ਹਿਰਾਸਤ ਵਿਚ ਲਿਆ ਹੈ। ਉਹ ਇੰਗਲੈਂਡ ਜਾ ਰਹੇ ਸਨ। ਸਟੇਟ ਸਪੈਸ਼ਲ ਅਪਰੇਸ਼ਨ ਸੈਲ ਦੀ ਟੀਮ ਨੂੰ ਪਤਾ ਲਗਾ ਕਿ ਭਾਈ ਢਾਡੀ ਵਿਦੇਸ਼ ਜਾ ਰਹੇ ਹਨ ਤਾਂ ਉਨਾ ਇਕ ਟੀਮ ਬਣਾ ਕੇ ਇਹ ਕਾਰਵਾਈ ਕੀਤੀ। ਭਾਈ ਢਾਡੀ ਇੰਗਲੈਂਡ ਦੇ ਨਾਗਰਿਕ ਹਨ। ਏ ਆਈ ਜੀ ਸੁਖਮਿੰਦਰ ਸਿੰਘ ਮਾਨ ਮੁਤਾਬਿਕ ਭਾਈ ਢਾਡੀ ਨੂੰ ਇੰਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲਿਆ, ਉਹ ਪੰਜਾਬ ਸਿੰਘ ਦੇ ਨਾਮ ਤੇ ਬ੍ਰਿਟਿਸ਼ ਪਾਸਪੋਰਟ ਬਣਾਵਾ ਕੇ ਇੰਗਲੈਂਡ ਜਾਣ ਲਈ ਯਤਨਸ਼ੀਲ ਸਨ। ਪੁਲੀਸ ਨੇ ਉਨ੍ਹਾਂ ਦਾ ਸੰਬਧ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜ਼ਸਵੀਰ ਸਿੰਘ ਰੋਡੇ ਦੇ ਭਰਾ ਸਵਰਗੀ ਭਾਈ ਲਖਬੀਰ ਸਿੰਘ ਰੋਡੇ ਨਾਲ ਜ਼ੋੜਦਿਆਂ ਕਿਹਾ ਕਿ ਭਾਈ ਪਰਮਜੀਤ ਸਿੰਘ ਢਾਡੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਲਈ ਫੰਡ ਦਾ ਪ੍ਰਬੰਧ ਕਰਦੇ ਸਨ। ਇਸ ਤੋ ਪਹਿਲਾਂ ਵੀ ਭਾਈ ਢਾਡੀ ਨੂੰ ਸਾਲ 2003 ਵਿਚ ਪੁਲੀਸ ਨੇ ਗ੍ਰਿਫਤਾਰ ਕੀਤਾ ਸੀ। ਸਜਾ ਪੂਰੀ ਕਰਕੇ ਉਹ ਵਾਪਸ ਇੰਗਲੈਂਡ ਪਰਤੇ ਸਨ।

# ਰਾਜੋਆਣਾ ਵੱਲੋਂ ਪਟਿਆਲਾ ਜੇਲ੍ਹ ’ਚ ਭੁੱਖ ਹੜਤਾਲ ਸ਼ੁਰੂ

ਪਟਿਆਲਾ-27 ਸਾਲਾਂ ਤੋਂ ਇਥੋਂ ਦੀ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਆਪਣੇ ਐਲਾਨ ਮੁਤਾਬਕ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਉਸ ਨੇ ਜੇਲ੍ਹ ਪ੍ਰਸ਼ਾਸਨ ਵੱਲੋਂ ਦਿੱਤੀ ਸਵੇਰ ਦੀ ਰੋਟੀ ਨਹੀਂ ਫੜੀ। ਉਹ ਮੰਗ ਕਰ ਰਿਹਾ ਹੈ ਕਿ 12 ਸਾਲ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰਨ ਸਬੰਧੀ ਰਾਸ਼ਟਰਪਤੀ ਕੋਲ ਦਾਇਰ ਕੀਤੀ ਰਹਿਮ ਦੀ ਅਪੀਲ ਵਾਪਸ ਕਰਵਾਈ ਜਾਵੇ।

ਇਹ ਪਟੀਸ਼ਨ ਵਾਪਸ ਲੈਣ ਤੋਂ ਇਨਕਾਰ ਕਰਦੀਆਂ ਸ਼੍ਰੋਮਣੀ ਕਮੇਟੀ ਨੇ 20 ਦਸੰਬਰ ਨੂੰ ਦਿੱਲੀ ਵਿੱਚ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਪ੍ਰਦਰਸ਼ਨ ਕਰਨ ਦਾ ਐਲਾਨ ਵੀ ਕੀਤਾ ਹੈ। ਦੂਜੇ ਬੰਨੇ ਇੱਕ ਦਿਨ ਪਹਿਲਾਂ ਹੀ ਸਾਬਕਾ ਮੰਤਰੀ ਬਿਕਰਮ ਮਜੀਠੀਆ ਅਤੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਭੁੱਖ ਹੜਤਾਲ ਟਾਲਣ ਲਈ ਰਾਜੋਆਣਾ ਨਾਲ ਮੁਲਾਕਾਤ ਵਾਸਤੇ ਆਏ ਸਨ ਪਰ ਜੇਲ੍ਹ ਪ੍ਰਸ਼ਾਸਨ ਵੱਲੋਂ ਮੁਲਾਕਾਤ ਦੀ ਆਗਿਆ ਨਾ ਦਿੱਤੀ।




ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

# ਸਿਹਤ ਸੰਬੰਧੀ



# ਹਾਜ਼ਮੇ ਸੰਬੰਧੀ ਰੋਗ ਅਤੇ ਹੋਮਿਓਪੈਥੀ

ਜਿਗਰ ਜਾਂ ਲਿਵਰ ਸਾਡੇ ਸਰੀਰ ਵਿੱਚ ਸਭ ਤੋਂ ਵੱਡੀ ਗ੍ਰੰਥੀ ਹੈ ਅਤੇ ਜਿਗਰ ਇੱਕ ਪ੍ਰਮੁੱਖ ਰਸਾਇਣ ਫ਼ੈਕਟਰੀ ਵਾਂਗ ਕੰਮ ਕਰਦਾ ਹੈ। ਇਹ ਪੇਟ ਦੇ ਉੱਪਰਲੇ ਪਾਸੇ ਸੱਜੇ ਭਾਗ ਵਿੱਚ ਡਾਇਆਫ਼ਰਾਮ ਦੇ ਹੇਠਾ ਹੁੰਦਾ ਹੈ ਅਤੇ ਇਸ ਦਾ ਪ੍ਰਮੁੱਖ ਹਿੱਸਾ ਪਸਲੀਆਂ ਨਾਲ ਢਕਿਆ ਰਹਿੰਦਾ ਹੈ। ਜਿਗਰ ਵੇਖਣ ਵਿੱਚ ਨਰਮ ਅਤੇ ਭੂਰੇ ਲਾਲ ਰੰਗ ਦੀ ਗ੍ਰੰਥੀ ਹੈ। ਇਸ ਦੀ ਅਹਿਮੀਅਤ ਇਹ ਹੈ ਕਿ ਸਾਡੇ ਸਰੀਰ ਵਹਿੰਦੇ ਖ਼ੂਨ ਦਾ ਤਕਰੀਬਨ ਚੌਥਾ ਹਿੱਸਾ ਹਮੇਸ਼ਾ ਜਿਗਰ ਵਿੱਚ ਜਮ੍ਹਾਂ ਰਹਿੰਦਾ ਹੈ। ਪਾਚਨ ਕਿਰਿਆ ਵਿੱਚ ਜਿਗਰ ਦਾ ਮਹੱਤਵਪੂਰਣ ਯੋਗਦਾਨ ਹੈ। ਮੂੰਹ, ਗਰਾਸ-ਨ਼ਲੀ, ਮਹਿਦੇ ਅਤੇ ਛੋਟੀ ਅੰਤੜੀਆਂ ਰਾਹੀਂ ਭੋਜਨ ਹਜ਼ਮ ਕਰਨ ਦਾ ਕੰਮ ਜਿਗਰ ਦੇ ਯੋਗਦਾਨ ਬਿਨਾਂ ਸੰਪੂਰਨ ਨਹੀਂ ਹੁੰਦਾ। ਖਾਧੇ ਹੋਏ ਭੋਜਨ ਵਿੱਚੋਂ ਮਿਲੀ ਤਾਕਤ ਦਾ ਪ੍ਰਤੀਬਿੰਬ ਜਿਗਰ ਦੀ ਪ੍ਰਕ੍ਰਿਆ ਨਾਲ ਹੀ ਮਿਲਦਾ ਹੈ। ਪਾਚਨ ਕ੍ਰਿਆ ਵਿੱਚ ਯੋਗਦਾਨ ਦੇਣ ਤੋਂ ਇਲਾਵਾ ਜਿਗਰ ਖ਼ੂਨ ਪ੍ਰਵਾਹ ਵਿੱਚ ਪ੍ਰਗਟ ਹੋਣ ਵਾਲੇ ਹਾਨੀਕਾਰਕ ਤੱਤਾਂ ਨੂੰ ਵੀ ਨਸ਼ਟ ਕਰਦਾ ਹੈ। ਇਸ ਤੋਂ ਇਲਾਵਾ ਇਹ ਖ਼ੂਨ ਦੇ ਲਾਲ ਕਣਾਂ ਦੇ ਨਿਰਮਾਣ ਅਤੇ ਵਿਕਾਸ ਵਿੱਚ ਵੀ ਸਹਾਇਤਾ ਕਰਦਾ ਹੈ। ਜਿਗਰ ਦੀ ਕਮਜ਼ੋਰੀ ਕਾਰਣ ਮਾਨਸਿਕ ਅਸੰਤੁਲਨ, ਯਾਦ-ਸ਼ਕਤੀ ਘਟਣੀ, ਦਾੜ੍ਹੀ-ਮੁੱਛਾਂ ਦੇ ਵਾਲ਼ ਝੜਨੇ, ਜਿਗਰ ਦਾ ਕੈਂਸਰ ਅਤੇ ਪੇਟ ਫੁੱਲਣਾ ਆਦਿ ਜਿਹੇ ਰੋਗ ਹੋ ਜਾਂਦੇ ਹਨ। ਜਿਗਰ ਵਿੱਚ ਆਏ ਵਿਗਾੜਾਂ ਕਾਰਣ ਪੈਰਾਂ ਵਿੱਚ ਸੋਜਸ਼, ਸਰੀਰ ਵਿੱਚ ਖ਼ੂਨ ਦੀ ਕਮੀ, ਥੋੜ੍ਹੀ ਮਿਹਨਤ ਕਰਨ ਨਾਲ ਸਾਹ ਫੁੱਲਣਾ, ਹਿਚਕੀ, ਮੂੰਹ ਵਿੱਚ ਪਾਣੀ ਭਰ ਆਉਣਾ ਆਦਿ ਹੋ ਸਕਦੇ ਹਨ।

ਪੇਟ ਵਿੱਚ ਜਲਣ, ਖੱਟੇ ਡਕਾਰ, ਪੇਟ ਗੁਬਾਰੇ ਵਾਂਗ ਤਣ ਜਾਣਾ, ਪੇਟ ਵਿੱਚ ਹਵਾ ਜਾਂ ਹਵਾ ਦਾ ਗੋ਼ਲਾ ਘੁੰਮੀ ਜਾਣਾ, ਗੁੜ-ਗੁੜ ਦੀ ਆਵਾਜ਼ ਆਉਣੀ, ਪਿੜ-ਪਿੜ ਦੀ ਆਵਾਜ਼ ਨਾਲ ਹਵਾ ਦਾ ਸਰਨਾ, ਸਿੱਧੇ ਪੈਣ ’ਤੇ ਖਾਧਾ-ਪੀਤਾ ਉੱਪਰ ਨੂੰ ਆਉਣਾ, ਜੀਅ ਕੱਚਾ ਹੋਣਾ (ਅਵੱਤ), ਪੇਟ ਵਿੱਚ ਜ਼ਹਿਰਬਾਦ ਬਣ ਜਾਣਾ ਆਦਿ, ਪਾਚਨ ਕ੍ਰਿਆ ਦੀ ਗੜਬੜੀ ਦਾ ਸੰਕੇਤ ਹੈ। ਇਸ ਤਰ੍ਹਾਂ ਦੇ ਕਸ਼ਟਦਾਈ ਲੱਛਣਾਂ ਨਾਲ ਪੀੜਤ ਵਿਅਕਤੀ ਬੇਚੈਨ ਅਤੇ ਬੇਹਾਲ ਹੋ ਉੱਠਦਾ ਹੈ, ਉਸ ਦਾ ਠੰਢੀਆਂ ਚੀਜ਼ਾਂ ਖਾਣ-ਪੀਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਵਿੱਚ ਠੰਢਾ-ਠਾਰ ਪਾਣੀ, ਠੰਢਾ ਦੁੱਧ, ਆਈਸ-ਕ੍ਰੀਮ ਅਤੇ ਬਰਫ਼ ਚਬਣ ਦਾ ਮਨ ਕਰਨਾ ਸ਼ਾਮਲ ਹੈ।

ਕਸਰਤ ਦੀ ਘਾਟ, ਤ਼ਲੇ ਹੋਏ ਅਤੇ ਮਿਰਚ-ਮਸਾਲਿਆਂ ਵਾਲੇ ਭੋਜਨ ਦਾ ਸੇਵਨ, ਸ਼ਰਾਬ, ਡਰੱਗਜ਼ ਅਤੇ ਦਵਾਈਆਂ ਦੀ ਲੋੜ ਨਾਲੋਂ ਵੱਧ ਵਰਤੋਂ, ਮਨ ਦੇ ਡਰ ਅਤੇ ਚਿੰਤਾਵਾਂ, ਕਾਰੋਬਾਰ ਵਿੱਚ ਘਾਟਾ ਜਾਂ ਆਪਸੀ ਰਿਸ਼ਤਿਆਂ ਦੀ ਤਰੇੜ ਕਾਰਣ ਉਪਜੇ ਮਾਨਸਿਕ ਤਣਾਅ ਕਾਰਣ ਪੇਟ ਦੀ ਗੜਬੜੀ ਦੇ ਲੱਛਣਾਂ ਉਤਪੰਨ ਹੋ ਸਕਦੇ ਹਨ। ਜਿਗਰ ਅਤੇ ਪਾਚਨ ਪ੍ਰਣਾਲੀ ਨਾਲ ਸੰਬੰਧਤ ਹੋਰਨਾ ਰੋਗਾਂ ਤੋਂ ਬਚਣ ਲਈਇਹ ਜ਼ਰੂਰੀ ਹੈ ਕਿ ਭੋਜਨ ਦੀਆਂ ਉਨ੍ਹਾਂ ਤਰੁਟੀਆਂ ਨੂੰ ਦੂਰ ਕੀਤਾ ਜਾਵੇ ਜੋ ਇਸ ਦਾ ਕਾਰਣ ਬਣਦੀਆਂ ਹਨ। ਕਈ ਵਾਰੀ ਅਸੀਂ ਬਿਨਾਂ ਭੁੱਖ ਤੋਂ ਵੀ ਖਾਂਦੇ ਹਾਂ, ਬਾਰ-ਬਾਰ ਖਾਈ ਜਾਂਦੇ ਹਾਂ, ਅਨਿਸ਼ਚਿਤ ਸਮੇਂ ’ਤੇ ਖਾਂਦੇ ਹਾਂ, ਬਿਮਾਰੀ ਦੀ ਹਾਲਤ ਵਿੱਚ ਡਾਕਟਰੀ ਸਲਾਹ ਤੋਂ ਬ਼ਗੈਰ ਖਾਂਦੇ ਹਾਂ, ਲੋੜ ਤੋਂ ਵੱਧ ਜਾਂ ਖਾਣ ਸਮੇਂ ਭੋਜਨ ਨੂੰ ਚੰਗੀ ਤਰ੍ਹਾਂ ਨਹੀਂ ਚਬਾਉਂਦੇ, ਜਿਸ ਕਾਰਣ ਹਾਜ਼ਮਾ ਪ੍ਰਭਾਵਿਤ ਹੁੰਦਾ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579



ਹੋਮਿਓਪੈਥੀ ਵਿੱਚ ਕਾਰਗਰ ਦਵਾਈਆਂ ਰਾਹੀਂ ਉਪਰੋਕਤ ਅਲਾਮਤਾਂ ਦਾ ਢੁਕਵਾਂ ਇਲਾਜ ਸੰਭਵ ਹੈ। ਹਰ ਰੋਗ ਦੇ ਪਿਛੋਕੜ ਨੂੰ ਅਤੇ ਪੀੜਤ ਵਿਅਕਤੀ ਦੀ ਜੀਵਨਸ਼ੈਲੀ ਨੂੰ ਸਮਝਦਿਆਂ ਹੋਇਆਂ ਢੁਕਵੀਂ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਅਜਿਹਾ ਕਰਨ ਲਈ ਇਹ ਲਾਜ਼ਮੀ ਹੈ ਕਿ ਪੇਸ਼ਾਵਰ ਹੋਮਿਓਪੈਥਿਕ ਪ੍ਰੈਕਟਿਸ਼ਨਰ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਜਾਵੇ। ਕਿਸੇ ਮਾਹਰ ਸਲਾਹ ਤੋਂ ਬ਼ਗੈਰ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕੁਝ ਸਿਰਕੱਢ ਦਵਾਈਆਂ ਹਨ “ਨਕਸਵਾਮੀਕਾ”, “ਲਾਈਕੋਪੋਡੀਅਮ”, “ਸਲ਼ਫ਼ਰ”, “ਕਾਰਬੋ-ਵੈੱਜ”, “ਸਿਨਕੋਨਾ”, “ਮੈਗਮਿਊਰ”, “ਹਾਈਡ੍ਰਾਸਟੀਜ਼” ਆਦਿ। ਲੱਛਣਾਂ, ਅਲਾਮਤਾਂ ਅਤੇ ਪੀੜਤ ਵਿਅਕਤੀ ਦੇ ਸੁਭਾਅ ਦਾ ਤਾਲਮੇਲ ਕਰਦਿਆਂ ਢੁਕਵੀਂ ਸਿੰਗਲ ਦਵਾਈ ਦੀ ਚੋਣ ਇਸ ਰੋਗ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਹਰ ਇੱਕ ਕੇਸ ਨੂੰ ਵਖਰੇਵੇਂ ਨਾਲ ਦੇਖਦਿਆਂ ਹੋਇਆਂ, ਅਤੇ ਕੇਸ ਦੀ ਸਹੀ ਪੜਚੋਲ ਕਰਨ ਉਪਰੰਤ ਮਰੀਜ਼ ਲਈ ਢੁਕਵੀਂ ਦਵਾਈ ਦੀ ਚੋਣ ਕਰਦੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਓ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

**Surrey's Choice Rehabilitation Centre**

**C: 778-855-3172, F: 778-395-4113**

14688-106 Ave. Surrey BC

info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

**ਹਾਈ ਕਲਾਸ ਜਿਊਲਰ**

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

**Ph: 604-327-3132**

FAX: 604-327-0335

# ਹਸਗੁੱਲੇ

ਅਧਿਆਪਕ: ਭਾਰਤ ਤੋਂ ਵਿਦੇਸ਼ ਜਾਣ ਵਾਲੀ ਪਹਿਲੀ ਔਰਤ ਕੌਣ ਸੀ ?

ਚਿੰਟੂ: ਸੀਤਾ ਸ਼੍ਰੀਲੰਕਾ ਗਈ ਸੀ!

ਅਧਿਆਪਕ ਅਜੇ ਵੀ ਬੇਹੋਸ਼ ਹੈ!

------------

ਟੀਚਰ: ਅਸੀਂ ਕਲਾਸ ਵਿੱਚ ਕਿਉਂ ਲੜਾਈ ਨਾ ਕਰੀਏ ?

ਸੰਜੂ: ਕਿਉਂਕਿ ਪਤਾ ਨਹੀਂ ਕਦੋਂ ਪ੍ਰੀਖਿਆ ਵਿੱਚ ਕਿਸੇ ਦੇ ਪਿੱਛੇ ਬੈਠਣਾ ਪਏਗਾ।

------------

ਅੰਕਲ:-ਤੂੰ ਸਕੂਲ ਕਿਉਂ ਨਹੀਂ ਜਾਂਦਾ ਪੱਪੂ ?

ਪੱਪੂ- ਅੰਕਲ ਕਈ ਵਾਰ ਗਿਆ ਤੇ ਉਹ ਮੈਨੂੰ ਵਾਪਿਸ ਭੇਜ ਦਿੰਦੇ ਹਨ!

ਅੰਕਲ:- ਕਿਉਂ ?

ਪੱਪੂ- ਉਹ ਕਹਿੰਦੇ, ਕੁੜੀਆਂ ਦੇ ਸਕੂਲ ਵਿੱਚ ਤੇਰਾ ਕੀ ਕੰਮ?

------------

ਇਕ ਬੰਦੇ ਕੋਲ ਇੱਕ ਤੋਤਾ ਤੇ ਇਕ ਤੋਤੀ ਸੀ

ਇਕ ਦਿਨ ਤੋਤੇ ਨੇ ਤੋਤੀ ਦੀ ਪੱਪੀ ਲੈ ਲਈ ।

ਬੰਦੇ ਨੂੰ ਗੁੱਸਾ ਆਇਆ ਤੇ ਉਸ ਨੇ ਤੋਤੇ ਨੂੰ ਸਜ਼ਾ ਦੇ ਤੌਰ ਤੇ ਗੰਜਾ ਕਰ ਦਿੱਤਾ।

ਕਾਫੀ ਦਿਨਾਂ ਬਾਦ ਉਸ ਬੰਦੇ ਨੇ ਘਰ ਸਤਸੰਗ ਰੱਖਿਆ ਤੇ ਤੋਤੇ ਦੀ ਡਿਊਟੀ ਲਗਾ ਦਿੱਤੀ ਦਰਵਾਜੇ ਤੇ ਲੋਕਾਂ ਦਾ ਸਵਾਗਤ ਕਰਨ ਦੀ।.

ਬੰਦਾ ਘੰਟੇ ਕੁ ਬਾਦ ਆ ਕੇ ਵੇਖਦਾ ਕੇ ਹੋਰ ਸਾਰੇ ਤਾਂ ਅੰਦਰ ਆ ਗਏ ਪਰ ਸਾਰੇ ਗੰਜੇ-ਗੰਜੇ ਬਾਹਰ ਹੀ ਖੜੇ ਸਨ ।

ਬੰਦਾ ਤੋਤੇ ਨੂੰ ਪੁੱਛਦਾ ਕੇ ਇਹਨਾਂ ਨੂੰ ਅੰਦਰ ਕਿਓਂ ਨਹੀਂ ਆਉਣ ਦਿੱਤਾ।

ਤੋਤਾ ਕਹਿੰਦਾ, " ਲੈਣੀਆਂ ਪੱਪੀਆਂ ਕਰਨੇ ਸਤਸੰਗ,ਇਹ ਸਾਲੇ ਬਾਹਰ ਹੀ ਠੀਕ ਨੇ "

------------

ਲੁਧਿਆਣੇ ਤੋ ਬੱਸ ਚ ਇੱਕ ਬਾਬਾ ਚੜਿਆ ਅਤੇ ਨਾਲ ਦੀ ਸੀਟ ਤੇ ਇਕ ਬੀਬੀ ਬੱਚਾ ਫੜਕੇ ਬੈਠੀ ਸੀ। ਜਦ ਬੱਸ ਤੁਰੀ ਤਾਂ ਬੀਬੀ ਬੱਚੇ ਨੂੰ ਕਹਿੰਦੀ ਪੁੱਤਰ ਬਿਸਕੁਟ ਖਾ ਲੈ ਨਹੀਂ ਤਾਂ ਮੈਂ ਬਾਬੇ ਨੂੰ ਦੇ ਦੇਣਾ।

ਬਾਬਾ ਚੁੱਪ !

ਬੀਬੀ ਫਿਰ 'ਥਰੀਕੇ' ਆ ਕੇ ਕਹਿੰਦੀ ਪੁੱਤਰ ਬਿਸਕੁਟ ਖਾ ਲੈ ਨਹੀਂ ਤਾਂ ਮੈਂ ਬਾਬੇ ਨੂੰ ਦੇ ਦੇਣਾ, ਬਾਬਾ ਫਿਰ ਚੁੱਪ !!

ਬੀਬੀ 'ਮੁੱਲਾਂਪੁਰ' ਕੋਲ ਆਕੇ ਫਿਰ ਕਹਿੰਦੀ ਪੁੱਤਰ ਬਿਸਕੁਟ ਖਾ ਲੈ ਨਹੀਂ ਤਾਂ ਮੈਂ ਬਾਬੇ ਨੂੰ ਦੇ ਦੇਣਾ!

ਤਾਂ ਬਾਬਾ ਗੁੱਸੇ ਚ ਆ ਕੇ ਕਹਿੰਦਾ ਦਿੰਦੀ ਤਾਂ ਹੈ ਨੀ, ਮੈਂ 'ਬਦੋਆਲ' ਉਤਰਨਾ ਸੀ ਤੇਰੇ ਬਿਸਕੁਟਾ ਦੇ ਚੱਕਰ ਚ ਮੈਂ ਮੁਲਾਂਪੁਰ ਆ ਗਿਆ।

ਇਕ ਵਕੀਲ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਅੰਦਰ ਦੇ ਕਮਰੇ ਵਿੱਚ ਬਲਦ ਕੋਹਲੂ ਖਿੱਚ ਰਿਹਾ ਹੈ ਅਤੇ ਤੇਲੀ ਬਾਹਰ ਬੈਠਾ ਚਿਲਮ ਪੀ ਰਿਹਾ ਹੈ।

ਵਕੀਲ ਨੇ ਤੇਲੀ ਨੂੰ ਕਿਹਾ, ''ਜੇ ਬਲਦ ਰੁਕ ਜਾਵੇ ਤਾਂ ਤੈਨੂੰ ਕਿਵੇਂ ਪਤਾ ਲੱਗੇਗਾ?"

ਤੇਲੀ, ''ਸਾਹਿਬ, ਉਸ ਦੇ ਗਲੇ ਵਿੱਚ ਬੱਝੀ ਘੰਟੀ ਵੀ ਵੱਜਣੋਂ ਬੰਦ ਹੋ ਜਾਵੇਗੀ।"

ਵਕੀਲ, ''ਚੰਗਾ, ਜੇ ਇਹ ਇਕ ਜਗ੍ਹਾ ਖੜਾ ਹੋ ਕੇ ਬਸ ਆਪਣਾ ਸਿਰ ਹਿਲਾਉਂਦਾ ਰਹੇ ਤਾਂ?" ਤੇਲੀ ਨੇ ਬੜੀ ਸ਼ਾਂਤੀ ਨਾਲ ਜਵਾਬ ਦਿੱਤਾ, ''ਸਾਡੇ ਬਲਦ ਨੇ ਵਕਾਲਤ ਨਹੀਂ ਪੜ੍ਹੀ।"

******

ਪਤੀ (ਪਤਨੀ ਨੂੰ), ''ਸੁਣਿਆ ਤੂੰ, ਕਹਿੰਦੇ ਹਨ ਕਿ ਜਿਹੜਾ ਆਦਮੀ ਜਿੰਨਾ ਜ਼ਿਆਦਾ ਬੇਵਕੂਫ ਹੁੰਦਾ ਹੈ, ਉਸ ਨੂੰ ਓਨੀ ਹੀ ਜ਼ਿਆਦਾ ਸੋਹਣੀ ਪਤਨੀ ਮਿਲਦੀ ਹੈ।"

ਪਤਨੀ (ਖੁਸ਼ ਹੋ ਕੇ), ''ਬੱਸ-ਬੱਸ ਰਹਿਣ ਵੀ ਦਿਓ, ਮੇਰੀ ਪ੍ਰਸ਼ੰਸਾ ਕਰਨ ਤੋਂ ਇਲਾਵਾ ਵੀ ਕਦੇ ਕੋਈ ਹੋਰ ਕੰਮ ਕਰ ਲਿਆ ਕਰੋ।"

******

ਪਤੀ ਜਨਾਬ ਸਵੇਰੇ-ਸਵੇਰੇ ਫੇਸਬੁੱਕ ਖੋਲ੍ਹ ਕੇ ਬੈਠ ਗਏ। ਉਨ੍ਹਾਂ ਦੀ ਇਕ ਗਰਲਫ੍ਰੈਂਡ ਨੇ ਸੈਂਡਵਿਚ ਦੀ ਫੋਟੋ ਅਪਲੋਡ ਕਰਕੇ ਲਿਖਿਆ, ''ਆਓ, ਨਾਸ਼ਤਾ ਕਰੀਏ।"

ਪਤੀ ਨੇ ਖੁਸ਼ ਹੋ ਕੇ ਕੁਮੈਂਟ ਕੀਤਾ, ''ਬਹੁਤ ਵਧੀਆ

ਮਾਧੁਰੀ, ''ਅੱਜ ਮੈਂ ਦੁਨੀਆ ਦੀ ਇੱਕ ਖੂਬਸੂਰਤ ਮਹਿਲਾ ਨੂੰ ਦੇਖਿਆ। ਇੰਨੀ ਸੁੰਦਰ ਲੱਗ ਰਹੀ ਸੀ ਕਿ ਮੈਂ ਦੱਸ ਨਹੀਂ ਸਕਦੀ।"

ਅੰਜਨਾ, ''ਚੰਗਾ, ਫਿਰ ਕੀ ਹੋਇਆ?"

ਮਾਧੁਰੀ, ''ਫਿਰ ਕੀ? ਮੈਂ ਸ਼ੀਸ਼ੇ ਦੇ ਸਾਹਮਣਿਓਂ ਹਟ ਗਈ।"

********

ਪਤੀ, ''ਅੱਜ ਭੋਜਨ ਤੇਰੀ ਮਾਂ ਨੇ ਤਿਆਰ ਕੀਤਾ ਹੈ?"

ਪਤਨੀ, ''ਹਾਂ, ਪਰ ਤੁਹਾਨੂੰ ਕਿਵੇਂ ਪਤਾ ਲੱਗਾ?"

ਪਤੀ, ''ਰੋਜ਼ ਭੋਜਨ ਵਿੱਚੋਂ ਕਾਲੇ ਵਾਲ ਨਿਕਲਦੇ ਸਨ, ਪਰ ਅੱਜ ਚਿੱਟਾ ਮਿਲਿਆ ਹੈ।"

********

ਅਧਿਆਪਕ, ''ਦੱਸੋ ਕੰਜੂਸ ਕੌਣ ਹੁੰਦਾ ਹੈ?"

ਪ੍ਰੈਟੀ, ''ਸਰ, ਜਿਸ ਨੂੰ ਅਸੀਂ 100 ਐਸ ਐਮ ਐਸ ਕਰੀਏ, ਪਰ ਉਹ ਕੋਈ ਜਵਾਬ ਨਾ ਭੇਜੇ।"

ਅਧਿਆਪਕ, ''ਸ਼ਾਬਾਸ਼! ਇਸ ਦੀ ਕੋਈ ਉਦਾਹਰਣ ਵੀ ਦੇ।" ਪ੍ਰੈਟੀ, ''ਸਰ, ਤੁਹਾਡੀ ਬੇਟੀ..।"

********

ਸਰਕਸ ਵਿੱਚ ਕੁੜੀ ਨੇ ਸ਼ੇਰ ਨੂੰ ਚੁੰਮਿਆ ਤਾਂ ਰਿੰਗ ਮਾਸਟਰ ਨੇ ਦਰਸ਼ਕਾਂ ਨੂੰ ਪੁੱਛਿਆ, ''ਕੀ ਤੁਹਾਡੇ 'ਚੋਂ ਕੋਈ ਇਹ ਕਰ ਸਕਦਾ ਹੈ?"

ਬਬਲੂ, ''ਜ਼ਰੂਰ, ਪਰ ਪਹਿਲਾਂ ਇਸ ਸ਼ੇਰ ਨੂੰ ਪਿੱਛੇ ਹਟਾਓ।"

********

ਪਠਾਨ ਟੀ ਵੀ 'ਤੇ ਬੰਬ ਰੱਖ ਕੇ ਆਪਣੀ ਪਾਕਿਸਤਾਨੀ ਟੀਮ ਦਾ ਭਾਰਤ ਨਾਲ ਮੈਚ ਦੇਖ ਰਿਹਾ ਸੀ।

ਪਤਨੀ ਨੇ ਪੁੱਛਿਆ, ''ਇਹ ਬੰਬ ਕਿਸ ਲਈ ਰੱਖਿਆ ਹੈ?"

ਪਠਾਨ, ''ਜੇ ਅੱਜ ਸਾਲੇ ਫਿਰ ਹਾਰ ਗਏ ਤਾਂ ਸਾਰੀ ਟੀਮ ਨੂੰ ਬੰਬ ਨਾਲ ਉਡਾ ਦੇਵਾਂਗਾ।"

*************

ਅਧਿਆਪਕ (ਗੋਲੂ ਨੂੰ)-ਗਰਮੀਆਂ ਵਿਚ ਫੈਲਣਦੀ ਅਤੇ ਸਰਦੀਆਂ ਵਿਚ ਸੁੰਗੜਨ ਦੀ ਕੋਈ ਉਦਾਹਰਨ ਦਿਓ। ਗੋਲੂ-ਜੀ, ਗਰਮੀਆਂ ਵਿਚ ਛੁੱਟੀਆਂ ਫੈਲ ਕੇ ਦੋ ਮਹੀਨੇ ਦੀਆਂ ਹੋ ਜਾਂਦੀਆਂ ਹਨ ਤੇ ਸਰਦੀਆਂ ਵਿਚ ਸੁੰਗੜ ਕੇ 15 ਦਿਨ ਦੀਆਂ ਰਹਿ ਜਾਂਦੀਆਂ ਹਨ।

*************

ਹਨੀ (ਮਨੀ ਨੂੰ), ''ਸਾਈਕਲ ਅਤੇ ਬੱਸ ਵਿੱਚ ਕੀ ਫਰਕ ਹੈ?"

ਮਨੀ, ''ਬੱਸ ਦਾ ਸਟੈਂਡ ਕਦੇ ਵੀ ਬੱਸ ਨਾਲ ਨਹੀਂ ਜਾਂਦਾ, ਪਰ ਸਾਈਕਲ ਸਟੈਂਡ ਸਾਈਕਲ ਦੇ ਨਾਲ ਜਾਂਦਾ ਹੈ।"

*************

ਗਾਹਕ (ਦੁਕਾਨਦਾਰ ਨੂੰ), ''ਮੈਨੂੰ ਇਹ ਕੱਪੜਾ ਬਹੁਤ ਪਸੰਦ ਹੈ, ਪਰ ਇਸ ਦਾ ਰੰਗ ਪਸੰਦ ਨਹੀਂ।"

ਦੁਕਾਨਦਾਰ, ''ਚਿੰਤਾ ਨਾ ਕਰੋ, ਇਕ ਧੁਆਈ ਤੋਂ ਬਾਅਦ ਰੰਗ ਆਪਣੇ ਆਪ ਉਡ ਜਾਏਗਾ।"

*************

ਅਧਿਆਪਕਾ ਜਮਾਤ 'ਚ ਸੌਂ ਗਈ ਤਾਂ ਇਕ ਛੋਟਾ ਸ਼ਰਾਰਤੀ ਬੱਚਾ ਉਸ ਨੂੰ ਜਗਾਉਣ ਗਿਆ।

ਬੱਚਾ ਬੋਲਿਆ, ''ਮੈਡਮ, ਤੁਸੀਂ ਜਮਾਤ ਵਿੱਚ ਸੌਂ ਰਹੇ ਹੋ?"

ਅਧਿਆਪਕਾ, ''ਨਹੀਂ ਬੇਟਾ, ਮੈਂ ਸੌਂ ਨਹੀਂ ਰਹੀ, ਮੈਂ ਅੱਖਾਂ ਬੰਦ ਕਰਕੇ ਰੱਬ ਨਾਲ ਗੱਲਾਂ ਕਰ ਰਹੀ ਸੀ।" ਅਗਲੇ ਦਿਨ ਉਹ ਬੱਚਾ ਜਮਾਤ ਵਿੱਚ ਸੌਂ ਗਿਆ ਤਾਂ ਅਧਿਆਪਕਾ ਨੇ ਉਸ ਨੂੰ ਜਗਾਇਆ।

ਅਧਿਆਪਕਾ, ''ਬੇਟਾ, ਜਮਾਤ ਵਿੱਚ ਸੌਂਦੇ ਨਹੀਂ।"

ਬੱਚਾ, ''ਨਹੀਂ ਮੈਡਮ, ਮੈਂ ਸੌਂ ਨਹੀਂ ਰਿਹਾ ਸੀ, ਮੈਂ ਤਾਂ ਰੱਬ ਨਾਲ ਗੱਲਾਂ ਕਰ ਰਿਹਾ ਸੀ।"

ਅਧਿਆਪਕਾ, ''ਚੰਗਾ ਤਾਂ ਕੀ ਕਿਹਾ ਰੱਬ ਨੇ?"

ਬੱਚਾ, ''ਰੱਬ ਨੇ ਦੱਸਿਆ ਕਿ ਉਸਦੀ ਕੱਲ੍ਹ ਤੁਹਾਡੇ ਨਾਲ ਕੋਈ ਗੱਲ ਹੀ ਨਹੀਂ ਹੋਈ ਸੀ।"

*************

ਪੱਪੂ (ਸੁਰਿੰਦਰ ਨੂੰ), ''ਯਾਰ, ਕੋਈ ਅਜਿਹਾ ਤੋਹਫਾ ਦੱਸ, ਜੋ ਸਿੱਧਾ ਤੇਰੀ ਭਰਜਾਈ ਦੇ ਦਿਲ 'ਤੇ ਲੱਗੇ।"

ਸੁਰਿੰਦਰ, ''ਗੋਲੀ ਮਾਰ ਦੇ।"

*************










# ਐਨੀਮਲ:ਅਰਜਨ ਵੈਲੀ ਕੌਣ ਸੀ, ਜਿਸ ਦੇ ਕਿੱਸੇ ਨੇ ਲੋਕ ਬੋਲੀਆਂ ਤੋਂ ਬਾਲੀਵੁੱਡ ਤੱਕ ਦਾ ਸਫ਼ਰ ਤੈਅ ਕੀਤਾ



ਪਿੰਡ ਵਾਸੀ ਅਰਜਨ ਵੈਲੀ ਦੀ ਸਮਾਧ ਨਾਲ




## 'ਅਰਜਨ ਵੈਲੀ ਧਨਾਢ ਲੋਕਾਂ ਨੂੰ ਲੁੱਟਦੇ ਜ਼ਰੂਰ ਸਨ ਪਰ ਉਸ ਪੈਸੇ ਨੂੰ ਗਰੀਬ ਤੇ ਲੋੜਵੰਦ ਲੋਕਾਂ ਵਿੱਚ ਵੰਡ ਦਿੰਦੇ ਸਨ'

- ਦੌਧਰ ਪਿੰਡ ਦੇ ਲੋਕਾਂ ਦਾ ਦਾਅਵਾ

'ਅਰਜਨ ਵੈਲੀ ਨੇ ਪੈਰ ਜੋੜ ਕੇ ਗੰਡਾਸੀ ਮਾਰੀ', ਪੰਜਾਬੀ ਲੋਕ ਬੋਲੀ ਦੇ ਇਹ ਬੋਲ ਜਦੋਂ ਢੋਲ ਦੀ ਥਾਪ 'ਤੇ ਗੂੰਜਦੇ ਹਨ ਤਾਂ ਪੰਜਾਬੀਆਂ ਦੇ ਪੈਰ ਮੱਲੋ-ਜ਼ੋਰੀ ਥਿਰਕਣ ਲਗਦੇ ਹਨ।ਪੰਜਾਬ ਨਾਲ ਸਬੰਧਤ ਅਰਜਨ ਵੈਲੀ ਦਾ ਨਾਮ ਅਦਾਕਾਰ ਰਣਬੀਰ ਕਪੂਰ ਅਤੇ ਬੌਬੀ ਦਿਓਲ ਦੀ 1 ਦਸੰਬਰ ਨੂੰ ਰਿਲੀਜ਼ ਹੋਈ ਫ਼ਿਲਮ 'ਐਨੀਮਲ' ਦੇ ਇੱਕ ਗਾਣੇ ਕਾਰਨ ਚਰਚਾ ਵਿੱਚ ਆਇਆ ਹੈ।ਗਾਇਕ ਭੁਪਿੰਦਰ ਬੱਬਲ ਦੇ ਗਾਏ ਇਸ ਗੀਤ ਨੇ ਅਰਜਨ ਵੈਲੀ ਨੂੰ ਲੋਕ ਚੇਤਿਆਂ ਵਿੱਚ ਮੁੜ ਲਿਆ ਦਿੱਤਾ ਅਤੇ ਨਾਲ ਹੀ ਇਹ ਸਵਾਲ ਵੀ ਉੱਠ ਰਿਹਾ ਹੈ ਕਿ ਇਹ ਅਰਜਨ ਵੈਲੀ ਕੌਣ ਸੀ ?

ਦਿਲਚਸਪ ਗੱਲ ਇਹ ਹੈ ਕਿ ਜਿਵੇਂ ਹੀ ਅਰਜਨ ਵੈਲੀ ਦਾ ਨਾਂ ਲੋਕਾਂ ਦੀ ਜੁਬਾਨ 'ਤੇ ਆਇਆ ਤਾਂ ਦੋ ਧਿਰਾਂ ਨੇ ਦਾਅਵਾ ਠੋਕ ਦਿੱਤਾ ਕਿ ਅਰਜਨ ਵੈਲੀ ਉਨ੍ਹਾਂ ਦੀ ਕੁਲ ਵਿੱਚੋਂ ਸਨ।

ਇਸ ਤੋਂ ਪਹਿਲਾਂ ਵੀ 1982 ਵਿੱਚ ਬਣੀ ਪੰਜਾਬੀ ਫ਼ਿਲਮ 'ਪੁੱਤ ਜੱਟਾਂ ਦੇ' ਵਿੱਚ ਇੱਕ ਗੀਤ ਵਿੱਚ ਅਰਜਨ ਵੈਲੀ ਦਾ ਜ਼ਿਕਰ ਹੋਇਆ ਸੀ।ਅਰਜਨ ਵੈਲੀ ਬਾਰੇ ਕੀਤੇ ਜਾਂਦੇ ਪਹਿਲੇ ਦਾਅਵੇ ਮੁਤਬਾਕ ਅਰਜਨ ਜ਼ਿਲ੍ਹਾ ਮੋਗਾ 'ਚ ਪੈਂਦੇ ਪਿੰਡ ਦੌਧਰ ਨਾਲ ਸਬੰਧਤ ਸਨ।

ਅਰਜਨ ਵੈਲੀ ਆਪਣੇ ਵੱਡੇ ਭਰਾ ਬਚਨ ਸਿੰਘ ਦੇ ਕਤਲ ਦਾ ਬਦਲਾ ਲੈਣ ਲਈ ਬਾਗ਼ੀ ਹੋ ਗਏ ਸਨ।ਪਿੰਡ ਦੌਧਰ ਦੇ ਲੰਮਾ ਸਮਾਂ ਸਰਪੰਚ ਰਹੇ ਜਗਰਾਜ ਸਿੰਘ ਦੌਧਰ ਨੇ ਦੱਸਿਆ ਕਿ ਭਾਰਤ ਵਿੱਚ ਅੰਗਰੇਜਾਂ ਦੇ ਰਾਜ ਸਮੇਂ ਇੱਕ ਕਥਿਤ ਪੁਲਿਸ ਮੁਕਾਬਲੇ ਵਿੱਚ ਅਰਜਨ ਵੈਲੀ ਨੂੰ ਉਸ ਦੇ ਇੱਕ ਸਾਥੀ ਰੂਪ ਸਿੰਘ ਨਾਲ ਮਾਰ ਦਿੱਤਾ ਗਿਆ ਸੀ।ਪਿੰਡ ਦੇ ਬਜ਼ੁਰਗਾਂ ਨੇ ਦੱਸਿਆ ਕਿ ਅਰਜਨ ਵੈਲੀ ਸਿੱਧੂ ਖਾਨਦਾਨ ਨਾਲ ਸਬੰਧਤ ਸ਼ੋਭਾ ਸਿੰਘ ਅਤੇ ਚੰਦਾ ਸਿੰਘ ਦੀ ਔਲਾਦ ਵਿੱਚੋਂ ਸਨ।

ਅਰਜਨ ਵੈਲੀ ਦੇ ਵਾਰਸਾਂ ਨੇ ਉਨ੍ਹਾਂ ਦੀ ਯਾਦ ਵਿੱਚ ਇੱਕ ਸਮਾਧ ਵੀ ਬਣਾਈ ਹੋਈ ਹੈ।

ਦੌਧਰ (ਮੋਗਾ) ਪਿੰਡ ਦੇ ਨੰਬਰਦਾਰ ਜੈ ਸਿੰਘ 82 ਸਾਲਾਂ ਦੇ ਹਨ। ਉਹ ਉਨ੍ਹਾਂ ਦਿਨਾਂ ਨੂੰ ਯਾਦ ਕਰਦੇ ਹਨ, ਜਦੋਂ ਉਨਾਂ ਦੇ ਪਿਤਾ ਤੇ ਦਾਦਾ ਘਰ ਵਿੱਚ ਅਰਜਨ ਵੈਲੀ ਦੀ ਗੱਲ ਕਰਦੇ ਹੁੰਦੇ ਸਨ।

ਉਹ ਕਹਿੰਦੇ ਹਨ, "ਪਿੰਡ ਵਿੱਚ ਬਰਾਤ ਆਈ ਹੋਈ ਸੀ। ਅਰਜਨ ਵੈਲੀ ਦੇ ਪਰਿਵਾਰ ਦੀ ਪਿੰਡ ਵਿੱਚ ਹੀ ਸ਼ਰੀਕਾਂ ਨਾਲ ਕਿਸੇ ਮਾਮਲੇ ਨੂੰ ਲੈ ਕੇ ਖਹਿਬਾਜ਼ੀ ਚੱਲ ਰਹੀ ਸੀ। ਇਹ ਖਹਿਬਾਜ਼ੀ ਕਾਰਨ ਵਿਆਹ ਵਿੱਚ ਲੜਾਈ ਹੋ ਗਈ ਅਤੇ ਅਰਜਨ ਵੈਲੀ ਦਾ ਵੱਡਾ ਭਰਾ ਬਚਨ ਸਿੰਘ ਪਿਸਤੌਲ ਦੀ ਗੋਲੀ ਲੱਗਣ ਨਾਲ ਮਾਰਿਆ ਗਿਆ ਸੀ।" "ਬੱਸ ਇਸ ਘਟਨਾ ਤੋਂ ਬਾਅਦ ਹੀ ਅਰਜਨ ਵੈਲੀ ਨੇ ਘਰ ਛੱਡਣ ਦਾ ਫ਼ੈਸਲਾ ਲਿਆ। ਉਹ ਬਹੁਤ ਦਲੇਰ ਬੰਦਾ ਸੀ।"

ਪਿੰਡ ਦੇ ਲੋਕਾਂ ਨੇ ਦੱਸਿਆ ਕਿ ਜਦੋਂ ਅਰਜਨ ਵੈਲੀ ਭਗੌੜਾ ਹੋਏ ਸਨ ਤਾਂ ਉਸ ਵੇਲੇ ਪਿੰਡ ਵਿੱਚ ਪੁਲਿਸ ਦੀ ਚੌਂਕੀ ਬਿਠਾ ਦਿੱਤੀ ਗਈ ਸੀ।

ਸਾਬਕਾ ਸਰਪੰਚ ਜਗਰਾਜ ਸਿੰਘ ਦੌਧਰ ਦੱਸਦੇ ਹਨ, "ਅਰਜਨ ਵੈਲੀ ਉਨ੍ਹਾਂ ਦੇ ਖਾਨਦਾਨ ਵਿੱਚੋਂ ਸਨ। ਜਦੋਂ ਬਰਾਤ ਦੀ ਲੜਾਈ ਹੋਈ ਸੀ ਤਾਂ ਅਰਜਨ ਵੈਲੀ ਦਾ ਧੜਾ ਗੰਡਾਸਿਆਂ ਤੇ ਡਾਂਗਾਂ ਨਾਲ ਲੜਿਆ ਸੀ। ਬਾਬੇ ਅਰਜਨ ਬਾਰੇ ਮਸ਼ਹੂਰ ਸੀ ਕਿ ਉਹ ਧਰਤੀ 'ਤੇ ਪੈਰ ਗੱਡ ਕਿ ਪੂਰੇ ਜ਼ੋਰ ਨਾਲ ਗੰਡਾਸੀ ਦਾ ਵਾਰ ਕਰਦਾ ਸੀ।"

ਉਹ ਕਹਿੰਦੇ ਹਨ, "ਇੱਥੋਂ ਹੀ ਲੋਕ ਬੋਲੀ 'ਅਰਜਨ ਵੈਲੀ ਨੇ ਪੈਰ ਗੱਡ ਕੇ ਜਾਂ ਪੈਰ ਜੋੜ ਕੇ ਗੰਡਾਸੀ ਮਾਰੀ' ਦਾ ਮੁੱਢ ਬੱਝਾ ਸੀ।"ਆਪਣੀ ਗੱਲ ਨੂੰ ਅੱਗੇ ਤੋਰਦੇ ਹੋਏ ਉਹ ਕਹਿੰਦੇ ਹਨ, "ਸਾਡਾ ਬਾਬਾ ਅਰਜਨ ਸਰੀਰਕ ਤੌਂ 'ਤੇ ਤਕੜਾ ਅਤੇ ਦਿਮਾਗੀ ਤੌਰ 'ਤੇ ਵੀ ਬਹੁਤ ਤੇਜ਼ ਸੀ।ਉਂਝ, ਅਰਜਨ ਵੈਲੀ ਦੇ ਪਰਿਵਾਰ ਤੋਂ ਇਲਾਵਾ ਪਿੰਡ ਦੇ ਆਮ ਲੋਕ ਵੀ ਅਰਜਨ ਵੈਲੀ ਦਾ ਨਾਂ 'ਐਨੀਮਲ' ਫ਼ਿਲਮ ਵਿੱਚ ਆਉਣ ਤੋਂ ਖੁਸ਼ ਹਨ।

ਬਲਵਿੰਦਰ ਸਿੰਘ ਕਹਿੰਦੇ ਹਨ ਕਿ ਅਰਜਨ ਵੈਲੀ ਉਨ੍ਹਾਂ ਦੇ ਤਾਇਆ ਲੱਗਦੇ ਹਨ।ਉਹ ਕਹਿੰਦੇ ਹਨ, "ਮੇਰੇ ਤਾਇਆ ਜੀ ਦਾ ਨਾਂ ਫ਼ਿਲਮ ਵਿੱਚ ਆਉਣ ਦੀ ਗੱਲ ਸੁਣ ਕੇ ਅਸੀਂ ਬਾਗੋ-ਬਾਗ ਹਾਂ। ਲੋਕ ਉਨ੍ਹਾਂ ਦੇ ਜੀਵਨ ਬਾਰੇ ਜਾਨਣ ਲਈ ਸਾਡੇ ਘਰ ਆ ਰਹੇ ਹਨ।" "ਮੇਰੇ ਪਿਤਾ ਜੀ ਨੇ ਮੈਨੂੰ ਦੱਸਿਆ ਸੀ ਕਿ ਅੰਗਰੇਜ਼ ਹਕੂਮਤ ਸਮੇਂ ਉਨਾਂ ਦੇ ਘਰ ਨੂੰ ਦੋ ਵਾਰ ਢਾਹ ਦਿੱਤਾ ਗਿਆ ਸੀ। ਹਾਂ, ਅਰਜਨ ਵੈਲੀ ਦੀ ਜਿਹੜੀ ਸਭ ਤੋਂ ਖ਼ਾਸ ਗੱਲ ਸੀ, ਉਹ ਇਲਾਕੇ ਦੀਆਂ ਧੀਆਂ-ਭੈਣਾਂ ਦੀ ਇੱਜਤ ਦੀ ਰਾਖੀ ਕਰਦੇ ਸਨ।"ਅਰਜਨ ਵੈਲੀ ਬਾਰੇ ਇਹ ਵੀ ਪ੍ਰਸਿੱਧ ਹੋ ਗਿਆ ਸੀ ਕਿ ਉਹ ਗਰੀਬ ਲੋਕਾਂ ਦੀਆਂ ਧੀਆਂ ਦੇ ਵਿਆਹ ਸਮੇਂ ਪੈਸਿਆਂ ਦੀ ਮਦਦ ਕਰਦੇ ਸਨ।ਬਲਵਿੰਦਰ ਸਿੰਘ ਮੁਤਾਬਕ ਅੰਗਰੇਜ ਹਕੂਮਤ ਉਨ੍ਹਾਂ ਦਿਨਾਂ ਵਿੱਚ ਡਾਕੂਆਂ ਤੇ ਵੈਲੀਆਂ ਨੂੰ ਮਾਰ-ਮੁਕਾਉਣ 'ਤੇ ਲੱਗੀ ਹੋਈ ਸੀ।ਬਜ਼ੁਰਗਾਂ ਨੇ ਦੱਸਿਆ ਕਿ ਉਸ ਵੇਲੇ ਵੈਲੀ ਲੋਕਾਂ ਦਾ ਸਮਾਜ ਵਿੱਚ ਕਾਫ਼ੀ ਸਤਿਕਾਰ ਸੀ ਕਿਉਂਕਿ ਉਹ ਧਨਾਢ ਲੋਕਾਂ ਨੂੰ ਲੁੱਟਦੇ ਜ਼ਰੂਰ ਸਨ ਪਰ ਪੈਸੇ ਨੂੰ ਗਰੀਬ ਤੇ ਲੋੜਵੰਦ ਲੋਕਾਂ ਵਿੱਚ ਵੰਡ ਦਿੰਦੇ ਸਨ।

ਪਿੰਡ ਦੇ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਕਹਿੰਦੇ ਹਨ ਕਿ ਉਹ ਅਰਜਨ ਵੈਲੀ ਦੇ ਕੁਨਬੇ ਵਿੱਚੋਂ ਹਨ।ਉਨ੍ਹਾਂ ਦੱਸਿਆ ਕਿ ਅੰਗਰੇਜਾਂ ਦੀ ਪੁਲਿਸ ਨੇ ਥਾਂ-ਥਾਂ 'ਤੇ ਆਪਣੇ ਮੁਖਬਰ ਅਰਜਨ ਵੈਲੀ ਨੂੰ ਮਰਵਾਉਣ ਲਈ ਸਰਗਰਮ ਕਰ ਦਿੱਤੇ ਸਨ।ਉਹ ਕਹਿੰਦੇ ਹਨ, "ਫਿਰ ਇੱਕ ਸਾਜਸ਼ ਘੜੀ ਗਈ। ਅਰਜਨ ਵੈਲੀ ਤੇ ਉਨ੍ਹਾਂ ਦਾ ਸਾਥੀ ਰੂਪ ਸਿੰਘ ਪਿੰਡ ਡੱਲਾ ਨੇੜੇ ਇੱਕ ਝਿੜੀ ਵਿੱਚ ਰਾਤ ਕੱਟਣ ਲਈ ਰੁਕੇ ਹੋਏ ਸਨ।" "ਕਿਸੇ ਢੰਗ ਨਾਲ ਇੱਕ ਮੁਖਬਰ ਇਨ੍ਹਾਂ ਦੋਵਾਂ ਨੂੰ ਸ਼ਰਾਬ ਵਿੱਚ ਜ਼ਹਿਰ ਮਿਲਾਉਣ ਵਿੱਚ ਸਫਲ ਹੋ ਗਿਆ ਸੀ। ਆਪਣੀ ਮੌਤ ਨੂੰ ਦੇਖਦੇ ਹੋਏ ਦੋਵਾਂ ਨੇ ਇੱਕ ਦੂਜੇ ਨੂੰ ਗੋਲੀ ਮਾਰ ਕੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਲਈ ਸੀ।"ਜਗਰਾਜ ਸਿੰਘ ਦੌਧਰ ਕਹਿੰਦੇ ਹਨ, "ਜਦੋਂ ਇਹ ਸੂਚਨਾ ਪੁਲਿਸ ਕੋਲ ਪਹੁੰਚੀ ਤਾਂ ਪੁਲਿਸ ਨੇ ਝਿੜੀ ਨੂੰ ਘੇਰ ਲਿਆ। ਫਿਰ ਗੋਲੀਆਂ ਚਲਾ ਕੇ ਇਸ ਨੂੰ ਅਰਜਨ ਵੈਲੀ ਤੇ ਉਨਾਂ ਦੇ ਸਾਥੀ ਦਾ ਪੁਲਿਸ ਨਾਲ ਮੁਕਾਬਲਾ ਦੱਸਣ ਦੀ ਕੋਸ਼ਿਸ਼ ਕੀਤੀ।" "ਇਸ ਮਗਰੋਂ ਆਸ-ਪਾਸ ਦੇ ਪਿੰਡਾਂ ਵਿੱਚ ਡਾਉਂਡੀ ਪਿੱਟ ਕੇ ਲੋਕਾਂ ਨੂੰ ਇਕੱਠਾ ਕੀਤਾ ਗਿਆ। ਅਰਜਨ ਵੈਲੀ ਦੀ ਲਾਸ਼ 'ਤੇ ਭੰਗੜੇ ਪਾਏ ਗਏ ਸਨ। ਪੁਲਿਸ ਨੇ ਅਜਿਹਾ ਅੰਗਰੇਜ਼ ਸਰਕਾਰ ਵੱਲੋਂ ਅਰਜਨ ਵੈਲੀ ਦੇ ਸਿਰ 'ਤੇ ਰੱਖੇ ਇਨਾਮ ਨੂੰ ਹਾਸਲ ਕਰਨ ਲਈ ਕੀਤਾ ਗਿਆ ਸੀ।"ਉਹ ਕਹਿੰਦੇ ਹਨ, "ਪਰ ਪੁਲਿਸ ਦੀ ਇਹ ਚਾਲ ਸਫਲ ਨਹੀਂ ਹੋ ਸਕੀ ਸੀ ਕਿਉਂਕਿ ਜਦੋਂ ਫਿਰੋਜ਼ਪੁਰ ਵਿੱਚ ਕੀਤੇ ਗਏ ਪੋਸਟਮਾਰਟਮ ਦੀ ਰਿਪੋਰਟ ਆਈ ਤਾਂ ਉਸ ਵਿੱਚ ਸਾਫ਼ ਹੋ ਗਿਆ ਸੀ ਕਿ ਅਰਜਨ ਵੈਲੀ ਦੀ ਮੌਤ ਜ਼ਹਿਰ ਕਾਰਨ ਹੋਈ ਸੀ।"ਜਿਹੜੇ ਨੌਜਵਾਨ ਅਰਜਨ ਵੈਲੀ ਬਾਰੇ ਨਹੀਂ ਜਾਣਦੇ ਸਨ, ਉਹ ਵੀ ਫ਼ਿਲਮ ਵਿੱਚ ਅਰਜਨ ਵੈਲੀ ਦਾ ਨਾਂ ਆਉਣ ਤੋਂ ਖੁਸ਼ ਹਨ।

ਪਿੰਡ ਦੇ ਨੌਜਵਾਨ ਬੂਟਾ ਸਿੰਘ ਮਕੈਨੀਕਲ ਇੰਜੀਨਿਅਰ ਹਨ। ਉਹ ਕਹਿੰਦੇ ਹਨ ਕਿ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਦਾ ਪਿੰਡ ਅੱਜ ਅਰਜਨ ਵੈਲੀ ਕਰਕੇ ਚਰਚਾ ਵਿੱਚ ਹੈ।

### ਅਰਜਨ ਵੈਲੀ ਨਾਲ ਜੁੜਿਆ ਇੱਕ ਹੋਰ ਦਾਅਵਾ

'ਐਨੀਮਲ' ਫ਼ਿਲਮ ਵਿੱਚ ਅਰਜਨ ਵੈਲੀ ਦੀ ਗੱਲ ਛਿੜਨ ਤੋਂ ਬਾਅਦ ਜ਼ਿਲ੍ਹਾ ਲੁਧਿਆਣਾ ਅਧੀਨ ਪੈਂਦੇ ਪਿੰਡ ਰੁੜਕਾ ਦੇ ਇੱਕ ਪਰਿਵਾਰ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸ਼ੇਅਰ ਕਰਕੇ ਦਾਅਵਾ ਕੀਤਾ ਕਿ ਅਰਜਨ ਵੈਲੀ ਉਨ੍ਹਾਂ ਦੇ ਪੜਦਾਦਾ ਸਨ।'ਬੀਬੀਸੀ' ਨੇ ਦਾਅਵਾ ਕਰਨ ਵਾਲੇ ਕੈਨੇਡਾ ਰਹਿੰਦੇ ਜੋਗਿੰਦਰਪਾਲ ਸਿੰਘ ਵਿਰਕ ਨਾਲ ਟੈਲੀਫੋਨ ਰਾਹੀਂ ਰਾਬਤਾ ਕਾਇਮ ਕੀਤਾ।ਉਨ੍ਹਾਂ ਦਾ ਕਹਿਣਾ ਹੈ ਕਿ ਉਹ ਰੁੜਕਾ ਪਿੰਡ ਦੇ ਜੰਮਪਲ ਅਰਜਨ ਵੈਲੀ ਦੇ ਪੜਪੋਤੇ ਹਨ। ਜੋਗਿੰਦਰਪਾਲ ਸਿੰਘ ਵਿਰਕ ਨੇ ਦੱਸਿਆ ਕਿ ਉਨ੍ਹਾਂ ਦੇ ਸਕੇ ਪ੍ਰਿਤਪਾਲ ਸਿੰਘ ਵਿਰਕ ਰੁੜਕਾ ਪਿੰਡ ਵਿੱਚ ਹੀ ਰਹਿੰਦੇ ☞

**Full Cleaning Service**

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

**ਹੋਰ ਜਾਣਕਾਰੀ ਲਈ ਫੋਨ ਕਰੋ**

**604-518-4698**

**THE GRAND TAJ**

**BANQUET HALL**

Khalsa Business Centre, 84th Ave. & 128th St., Surrey



**CATERING SERVICE & MUSIC ARRANGEMENT**

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ

ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

**604-599-4342**

Fax: 604-599-4818

Email: grandtaj@grandtaj.com

www.grandtaj.com

Our Facilities Are Perfect For:

WEDDINGS * RECEPTION

BIRTHDAY PARTIES

ANNIVERSARIES

CORPORATE FUNCTIONS

BUSINESS MEETINGS

Capacity from 100 to 1200

Ladies Parties Special

# ਕਵਿਤਾਵਾਂ

## .ਗ਼ਜ਼ਲ

**ਗੁਰਭਜਨ ਸਿੰਘ ਗਿੱਲ**

ਧਰਤ 'ਤੇ ਆਇਆ ਜਦੋਂ ਵੀ,
ਹੈ ਕਿਤੇ ਵੀ ਜ਼ਲਜ਼ਲਾ।
ਮੇਰਾ ਘਰ, ਬੂਹਾ, ਬਨੇਰਾ,
ਸਹਿਮਿਆ, ਫਿਰ ਕੰਬਿਆ।
ਟਾਹਣੀਆਂ ਦੇ ਦਿਲ 'ਚ ਹਾਲੇ,
ਕੰਬਣੀ ਓਸੇ ਤਰ੍ਹਾਂ,
ਮੁੱਦਤਾਂ ਪਹਿਲਾਂ ਸੀ ਏਥੋਂ,
ਵਾ-ਵਰੋਲਾ ਗੁਜ਼ਰਿਆ।
ਉਹ ਜੋ ਬੈਠੀ ਹੈ ਸਵੈਟਰ ਬੁਣਨ ਤੜਕੇ ਜਾਗ ਕੇ,
ਉੱਨ ਦਾ ਗੋਲਾ ਵਿਚਾਰੀ ਦਾ
ਅਜੇ ਤਕ ਉਲਝਿਆ।
ਨੀਰ ਨਦੀਆਂ ਦਾ ਵਹੇ ਨਿਰਮਲ
ਨਿਰੰਤਰ ਰਾਤ ਦਿਨ,
ਤੇਰੇ ਘਰ ਖਾਰਾ ਬਣੇ ਕਿਉਂ,
ਮੈਂ ਸਮੁੰਦਰ ਨੂੰ ਕਿਹਾ।
ਬਾਲਕਾ ਜੰਗਲ 'ਚ ਜੀਕੂੰ ਚਾਰੇ ਪਾਸੇ ਰਾਤ ਸੀ,
ਸਹਿਮ ਜਾਵਾਂ ਸੋਚ ਕੇ,
ਮੈਂ ਡਰ ਕੇ ਕਿਉਂ ਨਾ ਚੀਕਿਆ?
ਜਾਲ ਹੈ ਵਿਛਿਆ ਚੁਫ਼ੇਰੇ,
ਚੋਗ ਦਾ ਲਾਲਚ ਨਾ ਕਰ,
ਤੈਨੂੰ ਘੇਰਨ ਵਾਸਤੇ ਬੈਠੇ ਸ਼ਿਕਾਰੀ ਭੋਲਿਆ।
ਪੰਜ ਸਾਲਾਂ ਬਾਅਦ,
ਭੇਡਾਂ ਸਮਝ ਕੇ ਪੁਚਕਾਰਦੈ,
ਮੁੰਨ ਕੇ ਫਿਰ ਪਰਤ ਜਾਵੇ,
ਕੈਂਚੀਆਂ ਦਾ ਕਾਫ਼ਲਾ।

## ਕਵਿਤਾ

ਹੰਸਾਂ ਦੀ ਜੋੜੀ ਤਾਈਂ, ਦਾਦੀ ਸਮਝਾਉਂਦੀ ਹੈ।
ਪੁੱਤਰੋ ਤੁਸੀਂ ਡੋਲ ਨਾ ਜਾਣਾ, ਵਾਸਤੇ ਪਾਉਂਦੀ ਹੈ।
ਠੰਡੀਆਂ ਰਾਤਾਂ ਨੂੰ ਸਹਿਕੇ, ਸਿਦਕ ਪਕਾਉਂਦੀ ਹੈ।
ਦੱਸਦੀ ਹੈ ਅਮਰ ਕਹਾਣੀ, ਕਰਦੀ ਗੱਲਬਾਤ ਨੂੰ।
ਦੇਣਾ ਹੈ ਸਬਕ ਪੋਤਿਓ, ਆਦਮ ਦੀ ਜਾਤ ਨੂੰ।
ਦੇਣਾ ਹੈ...........।
ਦਾਦੇ ਦੇ ਦਾਦੇ ਤਾਈਂ, ਤਵੀ ਤੇ ਬਿਠਾਇਆ ਸੀ।
ਜ਼ਾਲਮ ਨੇ ਤੱਤਾ ਰੇਤਾ, ਸੀਸ ਤੇ ਪਾਇਆ ਸੀ।
ਸਿੱਖੀ ਦੇ ਸਿਦਕ ਵਾਲ਼ਾ, ਪਾਠ ਪੜ੍ਹਾਇਆ ਸੀ।
ਅੱਗ ਦੇ ਵਿੱਚ ਭੁੱਜਕੇ ਸਤਿਗੁਰ, ਕੀਤਾ ਕਰਾਮਾਤ ਨੂੰ।
ਦੇਣਾ ਹੈ..........।
ਦਾਦੇ ਨੇ ਦਿੱਲੀ ਜਾਕੇ, ਸੀਸ ਕਟਾ ਦਿੱਤਾ।
ਜਿਉਣਾ ਹੈ ਨਾਲ਼ ਅਣਖ ਦੇ, ਸਾਨੂੰ ਸਿਖਾ ਦਿੱਤਾ।
ਧਰਮ ਅਜ਼ਾਦੀ ਖ਼ਾਤਰ, ਜਿੰਦੜੀ ਨੂੰ ਲਾ ਦਿੱਤਾ।
ਸੱਚ ਦੇ ਲਈ ਭੇਟ ਕਰ ਦਿੱਤਾ, ਜਿੰਦ ਦੀ ਸੌਗਾਤ ਨੂੰ।
ਦੇਣਾ ਹੈ..........।
ਆਰੇ ਨਾਲ਼ ਮਤੀਦਾਸ ਨੂੰ, ਜਲਾਦਾਂ ਨੇ ਚੀਰਤਾ।
ਸਾੜਕੇ ਸਤੀਦਾਸ ਦੀ, ਪਰਖੀ ਫਿਰ ਵੀਰਤਾ।
ਦੇਗਾਂ ਵਿੱਚ ਉੱਬਲ ਦਿਆਲੇ, ਦੱਸ ਦਿੱਤੀ ਧੀਰਤਾ।
ਨ੍ਹੇਰੇ ਨੇ ਜਨਮ ਹੈ ਦੇਣਾ, ਸੱਜਰੀ ਪ੍ਰਭਾਤ ਨੂੰ।
ਦੇਣਾ ਹੈ.........।
ਜ਼ੁਲਮੀ ਸਰਕਾਰਾਂ ਕੋਲੋਂ, ਭੋਰਾ ਵੀ ਡਰਨਾ ਨਹੀਂ।
ਦਾਦੇ ਪੜਦਾਦੇ ਵਾਲ਼ਾ, ਮੁੱਖ ਨੀਵਾਂ ਕਰਨਾ ਨਹੀਂ।
ਇੱਕ ਦਿਨ ਮਰ ਜਾਣਾ ਹੱਸਕੇ, ਮੁੜਕੇ ਫ਼ਿਰ ਮਰਨਾ ਨਹੀਂ।
ਦੇ ਦੇਣੀ ਸਿਦਕ ਸ਼ਹਾਦਤ, ਸੂਬੇ ਬਦਜਾਤ ਨੂੰ।
ਦੇਣਾ ਹੈ..........।
'ਰਸੀਏ ' ਦੀ ਕਲਮ ਵੀ ਕੰਬੇ, ਲਿਖਦੀ ਹੋਈ ਵਾਰਤਾ ।
ਵਾਰਕੇ ਜਿੰਦੜੀ ਸਾਨੂੰ, ਛੱਤਿਆਂ ਨੂੰ ਤਾਰਤਾ।
ਧਰਮ ਲਈ ਜੂਝਕੇ ਸਾਡਾ, ਜੀਵਨ ਸੰਵਾਰਤਾ।ਲਾਹਕੇ ਗੁਲਾਮੀ ਦੇਤਾ, ਅਜ਼ਾਦੀ ਦੀ ਦਾਤ ਨੂੰ।

**-ਗੁਰਜਿੰਦਰ ਸਿੰਘ ਰਸੀਆ**

## ਦੋ-ਮੂੰਹੇਂ ਲੋਕ

ਦੋ-ਮੂੰਹੇਂ ਲੋਕ ਵੀ ਹੁੰਦੇ ਹੱਦੋਂ ਵੱਧ ਮਾੜੇ,
ਜੋ ਅੰਦਰੋਂ ਅੰਦਰ ਚਲਾਉਣ ਡੰਗ ਮੀਆਂ।
ਇਕ ਮੂੰਹ ਨਾਲ ਤਾਂ ਜਾਲ ਸੁਟਦੇ,
ਦੂਜੇ ਮੂੰਹ ਨਾਲ ਰੰਗ 'ਚ ਪਾਉਣ ਭੰਗ ਮੀਆਂ।
ਕਈ ਕਰ ਕੇ ਇਤਬਾਰ ਡੁੱਬ ਜਾਂਦੇ,
ਇਹ ਛੱਡ ਕੇ ਚੱਲ ਜਾਂਦੇ ਵਿਚ ਝੰਗ ਮੀਆਂ।
ਇਹਨਾਂ ਨਾਲ ਨਜਿਠਣਾ ਹੈ ਔਖਾ,
ਲੱਭਣਾ ਪੈਂਦਾ ਕੋਈ ਬਚਣ ਦਾ ਢੰਗ ਮੀਆਂ।
ਮਾਰ ਮਾਰ ਕੇ ਬੁੜਕਰਾਂ ਕਰਨ ਤੰਗ,
ਸੋਚੀਏ ਇਹ ਤਾਂ ਸੀ ਸਾਡੇ ਅੰਗ-ਸੰਗ ਮੀਆਂ।
ਸਵਾਦ ਭਾਲਦੇ ਹਰ ਇਕ ਗੱਲ ਵਿਚੋਂ,
ਜੁਗਾੜ ਲਾ ਕੇ ਲਵਾਉਂਦੇ ਜੰਗ ਮੀਆਂ।
ਤਰੱਕੀ ਕਰਦੇ ਨੂੰ ਡਰਾ ਕੇ ਰੋਕ ਦੇਣ,
ਤਰਕੀਬ ਨਾਲ ਦੇਣ ਸੂਲੀ 'ਤੇ ਟੰਗ ਮੀਆਂ।
'ਤਰਸੇਮ' ਬਚ ਜਾ ਤੈਨੂੰ ਵੀ ਨਸੀਹਤ,
ਚੜ੍ਹਾ ਲਈਂ ਨਾ ਇਨ੍ਹਾਂ ਜਿਹਾ ਰੰਗ ਮੀਆਂ।

**- ਤਰਸੇਮ ਲੰਡੇ**

---

ਹਨ। ਵਿਰਕ ਮੁਤਾਬਕ ਅਰਜਨ ਵੈਲੀ ਸਵਾ ਛੇ ਫੁੱਟ ਦਾ ਜਵਾਨ ਗੱਭਰੂ ਸਨ ਤੇ ਉਹ ਕਿਸੇ ਦੀ ਈਨ ਨਹੀਂ ਮੰਨਦੇ ਸਨ।ਆਪਣੀ ਸੋਸ਼ਲ ਮੀਡੀਆ ਪੋਸਟ ਵਿੱਚ ਜੋਗਿੰਦਰਪਾਲ ਸਿੰਘ ਵਿਰਕ ਨੇ ਦੱਸਿਆ ਹੈ ਕਿ ਅਰਜਨ ਵੈਲੀ ਹੱਥ ਵਿੱਚ ਲੰਬੀ ਡਾਂਗ ਜਾਂ ਗੰਡਾਸਾ ਰੱਖਣ ਦੇ ਸ਼ੋਕੀਨ ਸਨ।

"ਇੱਕ ਗਰੀਬ ਨਾਲ ਹੋ ਰਹੀ ਧੱਕੇਸ਼ਾਹੀ ਨੂੰ ਰੋਕਣ ਸਮੇਂ ਉਨ੍ਹਾਂ ਨੇ ਥਾਣੇਦਾਰ ਦੀ ਬਾਂਹ ਤੋੜ ਦਿੱਤੀ ਸੀ। ਇਸ ਸੁਭਾਅ ਕਰਕੇ ਉਨ੍ਹਾਂ ਨੂੰ ਲੋਕ ਵੈਲੀ ਕਹਿਣ ਲੱਗ ਗਏ ਤੇ ਉਹ ਅਰਜਨ ਤੋਂ ਅਰਜਨ ਵੈਲੀ ਬਣ ਗਏ ਪਰ ਉਨ੍ਹਾਂ ਨੇ ਕਦੀ ਮਾੜੇ ਬੰਦੇ ਨਾਲ ਧੱਕਾ ਨਹੀਂ ਕੀਤਾ ਸੀ।"ਪਿੰਡ ਰੁੜਕਾ ਦੇ ਅਰਜਨ ਵੈਲੀ ਦਾ 'ਵਾਰਸਾਂ' ਨੇ ਦੱਸਿਆ ਹੈ ਕਿ 1947 ਦੀ ਭਾਰਤ-ਪਾਕਿਸਤਾਨ ਵੰਡ ਵੇਲੇ ਹੋਈ ਕਤਲੋ-ਗਾਰਦ ਵਿੱਚ ਅਰਜਨ ਵੈਲੀ ਨੇ ਕਈ ਮੁਸਲਮਾਨਾਂ ਦੀ ਮਦਦ ਕੀਤੀ ਤੇ ਉਨ੍ਹਾਂ ਨੂੰ ਉਹ ਮਲੇਰਕੋਟਲਾ ਛੱਡ ਕੇ ਵੀ ਆਏ ਸਨ।ਵਿਰਕ ਨੇ ਕਿਹਾ, "ਇਨ੍ਹਾਂ ਵਿਚੋਂ ਇੱਕ ਉਨ੍ਹਾਂ ਦਾ ਮੁਸਲਮਾਨ ਦੋਸਤ ਰੱਲਾ ਤੇਲੀ ਵੀ ਸੀ, ਜਿਸ ਨੂੰ ਪੂਰੀ ਸੁਰੱਖਿਆ ਨਾਲ ਮਲੇਰਕੋਟਲਾ ਪਹੁੰਚਾਇਆ ਗਿਆ ਸੀ। ਉਸ ਦਾ ਸੋਨਾ- ਚਾਂਦੀ ਤੇ ਗਹਿਣਾ-ਗੱਟਾ ਆਪਣੇ ਕੋਲ ਅਮਾਨਤ ਵਜੋਂ ਹਿਫ਼ਾਜਤ ਨਾਲ ਰੱਖ ਲਿਆ ਸੀ, ਜਿਸ ਨੂੰ ਬਾਅਦ ਵਿੱਚ ਉਸ ਦਾ ਮੁੰਡਾ ਸਰਦਾਰ ਖਾਨ ਆ ਕੇ ਲੈ ਗਿਆ ਸੀ।"ਰੁੜਕਾ ਪਰਿਵਾਰ ਦਾ ਦਾਅਵਾ ਹੈ ਕਿ ਅਰਜਨ ਵੈਲੀ ਬਾਅਦ ਵਿੱਚ ਅੰਮ੍ਰਿਤਧਾਰੀ ਹੋ ਗਏ ਸਨ ਤੇ ਉਨ੍ਹਾਂ ਨੇ 'ਪੰਜਾਬੀ ਸੂਬਾ ਮੋਰਚੇ' ਵੇਲੇ ਫਿਰੋਜ਼ਪੁਰ ਵਿੱਚ ਜੇਲ੍ਹ ਵੀ ਕੱਟੀ ਸੀ।ਜੋਗਿੰਦਰਪਾਲ ਸਿੰਘ ਵਿਰਕ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਅਰਜਨ ਵੈਲੀ ਦੀਆਂ ਸੇਵਾਵਾਂ ਲਈ ਤਾਮਰ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ ਸੀ।ਪਿੰਡ ਰੁੜਕਾ ਦੇ ਅਰਜਨ ਵੈਲੀ ਦੇ ਵਾਰਸਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣਾ ਆਖਰੀ ਸਾਹ ਸਾਲ 1968 ਵਿੱਚ ਰਾਜਿੰਦਰਾ ਹਸਪਤਾਲ, ਪਟਿਆਲਾ ਵਿੱਚ ਲਿਆ ਸੀ। ਜਿੱਥੇ ਉਹ ਗਦੂਦਾਂ ਦੇ ਆਪ੍ਰੇਸ਼ਨ ਤੋਂ ਬਾਅਦ ਜ਼ੇਰੇ ਇਲਾਜ ਸਨ।ਹਾਲਾਂਕਿ, 'ਅਰਜਨ ਵੈਲੀ' ਦੇ ਪਾਤਰ ਬਾਰੇ ਇਹ ਦਾਅਵੇ ਪਰਿਵਾਰਕ ਮੈਂਬਰਾਂ ਦੇ ਜਾਂ ਪਿੰਡਾਂ ਦੇ ਲੋਕਾਂ ਵੱਲੋਂ ਕੀਤੇ ਗਏ ਹਨ, ਇਸ ਬਾਰੇ ਕਿਸੇ ਕਿਤਾਬ ਜਾਂ ਲਿਖਤ ਵਿੱਚ ਦਸਤਾਵੇਜੀ ਸਬੂਤ ਨਹੀਂ ਮਿਲਿਆ।ਅਰਜਨ ਵੈਲੀ ਦਾ ਜ਼ਿਕਰ ਮੂੰਹ ਜੁਬਾਨੀ ਪੀੜ੍ਹੀ ਦਰ ਪੀੜ੍ਹੀ ਬੋਲੀਆਂ ਜਾਂ ਗੀਤਾਂ ਰਾਹੀਂ ਅੱਗੇ ਸੁਣਿਆ ਸੁਣਾਇਆ ਜਾ ਰਿਹਾ ਹੈ।ਇਸ ਗੀਤ ਨੂੰ ਗਾਉਣ ਵਾਲੇ ਭੁਪਿੰਦਰ ਬੱਬਲ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ, "ਅਰਜਨ ਵੈਲੀ ਕੋਈ ਇੱਕ ਬੰਦਾ ਨਹੀਂ ਸੀ, ਅਸਲ ਵਿੱਚ ਇਹ ਪੰਜਾਬ ਦੇ ਪਿੰਡਾਂ ਦੇ ਉਹ ਪਾਤਰ ਹਨ, ਜੋ ਕਿਸੇ ਵੀ ਜ਼ੁਲਮ ਖ਼ਿਲਾਫ਼ ਖੜ੍ਹੇ ਹੋ ਜਾਂਦੇ ਸਨ। ਇਹ ਪਿੰਡਾਂ ਦੀਆਂ ਆਪਸੀ ਲੜਾਈਆਂ ਵਿੱਚ ਵੀ ਹੁੰਦੇ ਸਨ। ਇਸ ਲਈ ਇਹ ਕਈ ਹੋ ਸਕਦੇ ਹਨ।"


GARCHA Plumbing
Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886
SINGH THIND & ASSOCIATES
BARRISTERS & SOLICITORS

# FRASERVIEW MEATS

*The Name of Guaranteed Quality Meats*



*Number One Quality Meat in Lower Mainland*

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com

# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8

## ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1550
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3


ਇੰਡੋ-ਕੈਨੇਡਾ ਟਰੈਵਲ ਏਜੰਸੀ
INDO CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)


.Ck Auto.
CK AUTO SERVICES LTD.
SALE
BUY 4 TIRES & GET ALLIGNMENT AT 1/2 PRICE
FLAT TYRE REPAIR FREE
NEW
40% off
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ
Clearance Sale
*Limited Quantity
On All Seasons & Winter Tires
(Auplus & Comforser)
215/70R16 COMFORSER Reg: $155.00 Now : $70.00
235/65R17 COMFORSER Reg: $220.00 Now : $95.00
245/65R17 COMFORSER Reg: $240.00 Now : $100.00
215/70R15 GOOD YEAR INTEGRITY Reg: $120.00 Now : $90.00
SALE
Comforser
Size: 205/60/16
Reg Price: $110
Sale Price : $55
Auplus
Size: 205/60/16
Reg Price: $125
Sale Price : $65
TARSHOTAM BIRAN
ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ
Cell: 778-322-1610, Tel: 604-592-2667 #106-13112-84th Ave.,Surrey